# ਪੰਜਾਬੀ ਨਾਟਕ ਦੇ ਵਿਕਾਸ ਪੜਾਅ/ਇਤਿਹਾਸ

ਸਾਹਿਤ ਦੇ ਦੂਸਰੇ ਰੂਪਾਂ ਦੀ ਤਰ੍ਹਾਂ ਨਾਟਕ ਵੀ ਇਕ ਸੁਤੰਤਰ ਪ੍ਰਕਾਰ ਦੀ ਵਿਲੱਖਣ ਅਤੇ ਪ੍ਰਭਾਵਸ਼ਾਲੀ ਸਾਹਿਤਕ ਵਿਧਾ ਹੈ। ਬਾਕੀ ਸਾਹਿਤਕ ਵੰਨਗੀਆਂ ਦੇ ਮੁਕਾਬਲੇ ਨਾਟਕ ਕਾਫ਼ੀ ਸਮਾਂ ਅਣਗੌਲਿਆ ਰਿਹਾ ਸੀ, ਕਿਉਂਕਿ ਨਾਟਕ ਅਤੇ ਰੰਗਮੰਚ 'ਚ ਦਿਲਚਸਪੀ ਰੱਖਣਾ ਕਦੇ ਵੀ ਪੰਜਾਬੀਆਂ ਦੇ ਸੁਭਾਅ ਵਿਚ ਨਹੀਂ ਸੀ। ਪਰ ਸਮਾਂ ਪਾ ਕੇ ਇਸਨੇ ਆਪਣੀ ਪਹਿਚਾਣ ਪੰਜਾਬੀ ਸਾਹਿਤ ਵਿਚ ਪੱਕੇ ਤੌਰ ਤੇ ਜਮਾ ਲਈ। ਭਰਤਮੁਨੀ ਨੇ ਵੀ ਨਾਟਕ ਦੇ ਸਰੂਪ, ਸਿਧਾਂਤ ਅਤੇ ਰੰਗਮੰਚ ਬਾਰੇ ਅੱਜ ਤੋਂ ਦੋ ਹਜ਼ਾਰ ਸਾਲ ਪਹਿਲਾ ਹੀ ਇਸ ਸਾਹਿਤ ਰੂਪ ਦੀ ਮਹੱਤਤਾ ਨੂੰ ਸਥਾਪਿਤ ਕਰ ਦਿੱਤਾ ਸੀ। ਨਾਟਕ ਦੀ ਦੂਸਰੀਆਂ ਸਾਹਿਤਕ ਵਿਧਾਵਾਂ ਨਾਲੋਂ ਭਿੰਨਤਾ ਇਹ ਹੈ ਕਿ ਨਾਟਕ ਸਿਰਫ਼ ਲਿਖਤ ਕਲਾ ਹੀ ਨਹੀਂ, ਸਗੋਂ ਮੰਚਨ ਕਲਾ ਵੀ ਹੈ ਅਤੇ ਦਰਸ਼ਕਾਂ/ਪਾਠਕਾਂ ਨੂੰ ਸਿੱਧੀ ਸੰਬੋਧਿਤ ਹੁੰਦੀ ਹੈ।

## According to Raymond Williams,

"A play can be both literatur and theatre, not the one at the expense of the other, but each because of the other

(Drama in Performance, Page. 12)

ਅੱਗੇ ਵਿਚਾਰ ਚਰਚਾ ਕਰਨ ਤੋਂ ਪਹਿਲਾਂ ਇਕ ਪੰਛੀ ਝਾਤ ਨਾਟਕ ਸ਼ਬਦ ਦੀ ਵਿਉਂਤਪਤੀ ਉਪਰ ਪਾਉਣੀ ਬੇਹਤਰ ਹੋਵੇਗੀ।

ਨਾਟਕ ਸ਼ਬਦ ਦੀ ਵਿਉਂਤਪਤੀ ਬਾਰੇ ਕਾਫ਼ੀ ਚਰਚਾ ਹੋਈ ਹੈ। ਕਿਸੇ ਨੇ ਇਸ ਨੂੰ 'ਨ੍ਰਿਤ' (ਨੱਚਣਾ) ਤੋਂ ਜਨਮਿਆ ਦੱਸਿਆ ਹੈ ਅਤੇ ਕਿਸੇ ਨੇ ਨਟ (ਨਕਲ) ਤੋਂ। ਇਸ ਤੋਂ ਇਲਾਵਾ ਕਈ ਵਿਦਵਾਨਾਂ ਨੇ ਇਨ੍ਹਾਂ ਦੋਹਾਂ ਸ਼ਬਦਾਂ, ਨ੍ਰਿਤ ਤੇ ਨਟ ਦੇ ਸੰਯੁਕਤ ਰੂਪ ਤੋਂ ਨਾਟਕ ਦੇ ਵਿਉਂਤਪਤੀਗਤ ਅਰਥਾਂ ਨੂੰ ਸਪੱਸ਼ਟ ਕੀਤਾ ਹੈ। ਇਸੇ ਤਰ੍ਹਾਂ ਹੀ ਪਾਣਿਨੀ ਨਾਟ ਦੀ ਉਤਪਤੀ 'ਨਟ' ਧਾਤੂ ਤੋਂ ਮੰਨਦੇ ਹਨ, ਜਦੋਂ ਕਿ 'ਨਾਟ੍ਯ ਦਰਪਣ' ਦੇ ਕਰਤਾ ਇਸ ਦੀ ਉਤਪਤੀ 'ਨਾਟ' ਧਾਤੂ ਤੋਂ ਮੰਨਦੇ ਹਨ। ਵੇਬਰ ਅਤੇ ਮੋਨੀਅਰ ਵਿਲਿਅਮਜ਼ ਦਾ ਮਤ ਹੈ ਕਿ ਨਟ ਧਾਤੂ ਨ੍ਰਿਤ ਧਾਤੂ ਦਾ ਪ੍ਰਾਕ੍ਰਿਤ ਰੂਪ ਹੈ।

ਇਥੇ ਸਾਡਾ ਮੂਲ ਵਿਸ਼ਾ ਪੰਜਾਬੀ ਸਾਹਿਤ ਰੂਪ 'ਨਾਟਕ' ਦੇ ਵਿਕਾਸ ਪੜਾਵਾਂ/ਇਤਿਹਾਸ ਸੰਬੰਧੀ ਵਿਸਥਾਰਪੂਰਵਕ ਚਰਚਾ ਕਰਨੀ ਹੈ। ਕਿਉਂਕਿ ਕਿਸੇ ਵੀ ਰਚਨਾ ਨੂੰ ਜੇਕਰ ਨਿਰਪੱਖ ਵਿਧਾਗਤ ਪਰਿਪੇਖ ਵਿਚ ਰੱਖ ਕੇ ਅਧਿਐਨ ਕਰਨ ਨਾਲ ਨਿਸ਼ਚਿਤ ਰੂਪ ਵਿਚ ਉਸ ਰਚਨਾ ਦੀ ਅੰਤਰੀਵ ਸੰਰਚਨਾ ਤੱਕ ਅਪੜਿਆ ਜਾ ਸਕਦਾ ਹੈ ਤਾਂ ਕਿਸੇ ਰਚਨਾ ਦੇ ਸੰਤੁਲਿਤ ਮੁਲਾਂਕਣ ਲਈ ਇਹ ਜ਼ਰੂਰੀ ਹੈ ਕਿ ਉਸਨੂੰ ਇਤਿਹਾਸਕ ਪਰਿਪੇਖ ਵਿਚ ਰੱਖ ਕੇ ਦੇਖਿਆ ਜਾਵੇ। ਇਸ ਸੰਬੰਧੀ ਟੀ. ਐੱਸ. ਈਲੀਅਟ ਲਿਖਦੇ ਹਨ,

> "ਕਿਸੇ ਵੀ ਕਵੀ ਜਾਂ ਕਲਾਕਾਰ ਪਾਸ ਆਪਣਾ ਪੂਰਾ ਅਰਥ ਨਹੀਂ ਹੁੰਦਾ, ਉਸ ਦੀ ਸਮਝ ਤਦ ਹੀ ਆਉਂਦੀ ਹੈ ਜੇਕਰ ਉਸਨੂੰ ਬੀਤ ਚੁੱਕੇ ਕਵੀਆਂ ਜਾਂ ਕਲਾਕਾਰਾਂ ਨਾਲ ਸੰਬੰਧਿਤ ਕਰਕੇ ਵੇਖਣ ਦਾ ਯਤਨ ਕੀਤਾ ਜਾਵੇ।"

(ਪੰਜਾਬੀ ਇਤਿਹਾਸਿਕ ਨਾਟਕ, ਡਾ. ਹਰਿਭਜਨ ਸਿੰਘ/174)

ਭਾਰਤੀ ਨਾਟਕ ਦਾ ਇਤਿਹਾਸ ਭਾਵੇਂ ਕਾਫ਼ੀ ਵਿਸਤ੍ਰਿਤ ਹੈ ਪਰ ਪੰਜਾਬੀ ਨਾਟਕ ਦਾ ਇਤਿਹਾਸ ਬਹੁਤਾ ਲੰਮਾ ਨਹੀਂ ਹੈ। ਫਿਰ ਵੀ, ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਨਾਟਕ ਅਤੇ ਰੰਗਮੰਚ ਦਾ ਵਿਸ਼ੇਸ਼ ਅਤੇ ਵਿਲੱਖਣ ਯੋਗਦਾਨ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਵਿਧਾ ਰਾਹੀਂ ਸਮਾਜਕ, ਸਭਿਆਚਾਰਕ, ਇਤਿਹਾਸਿਕ, ਮਿਥਿਹਾਸਿਕ ਅਤੇ ਆਧੁਨਿਕ ਕਦਰਾਂ-ਕੀਮਤਾਂ ਦਾ ਮੁਲਾਂਕਣ ਜਿਸ ਪੱਧਰ ਤੇ ਕੀਤਾ ਗਿਆ ਹੈ, ਉਸਦੀ ਸਾਨੀ ਕੋਈ ਹੋਰ ਸਾਹਿਤਕ ਵਿਧਾ ਨਹੀਂ ਬਣ ਸਕੀ।

**ਪੰਜਾਬੀ ਨਾਟਕ ਦਾ ਉਦਭਵ:** ਪੰਜਾਬੀ ਨਾਟਕ ਦੇ ਉਦਭਵ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਉਨ੍ਹਾਂ ਸਥਿਤੀਆਂ ਅਤੇ ਪਰਿਸਥਿਤੀਆਂ ਨੂੰ ਦ੍ਰਿਸ਼ਟੀਗੋਚਰ ਕੀਤਾ ਜਾਵੇ, ਜਿਨ੍ਹਾਂ ਕਾਰਨ ਪੰਜਾਬੀ ਨਾਟਕ ਦਾ ਉਦਭਵ ਸੰਭਵ ਹੋਇਆ।

ਅੰਗਰੇਜ਼ਾਂ ਦੀ ਆਮਦ ਤੋਂ ਪਹਿਲਾਂ ਕੋਈ ਅਜਿਹੀ ਰਚਨਾ ਪ੍ਰਾਪਤ ਨਹੀਂ ਹੁੰਦੀ, ਜਿਸਨੂੰ ਪ੍ਰਾਪਤ ਨਾਟ-ਪ੍ਰਤਿਮਾਨਾਂ ਉਪਰ ਪਰਖ ਕੇ ਨਾਟਕ ਕਿਹਾ ਜਾ ਸਕੇ।

## ਡਾ. ਗੁਰਦਿਆਲ ਸਿੰਘ ਫੁੱਲ ਅਨੁਸਾਰ,

> "ਪੰਜਾਬੀ ਨਾਟਕ ਦਾ ਮੁੱਢ ਗੁਰੂ ਗੋਬਿੰਦ ਸਿੰਘ ਦੀ ਰਚਨਾ 'ਬਚਿਤ੍ਰ ਨਾਟਕ' ਨਾਲ ਬੱਝਦਾ ਹੈ ਅਤੇ ਗਿਆਨੀ ਦਿੱਤ ਸਿੰਘ ਦੀ ਰਚਨਾ 'ਰਾਜ ਪ੍ਰਬੋਧ' ਨਾਟਕ ਦੂਸਰਾ ਨਾਟਕ ਹੈ।"

(ਪੰਜਾਬੀ ਇਤਿਹਾਸਿਕ ਨਾਟਕ, ਡਾ. ਹਰਿਭਜਨ ਸਿੰਘ/176)

'ਬਚਿਤ੍ਰ ਨਾਟਕ' ਅਤੇ 'ਗਿਆਨੀ ਦਿੱਤ ਸਿੰਘ' ਦੀ ਰਚਨਾ ਨਾਲ ਜੁੜਿਆ ਸ਼ਬਦ 'ਨਾਟਕ' ਨਾਟ-ਵਿਧਾ ਦੀਆਂ ਬੁਨਿਆਦੀ ਰੀਤੀਆਂ ਦਾ ਬਦਲ ਨਹੀਂ ਹੈ। ਇਥੇ ਨਾਟਕ ਸ਼ਬਦ ਦੀ ਵਰਤੋਂ ਇਕ ਵਿਸ਼ਲੇਸ਼ਣ ਵਜੋਂ ਕੀਤੀ ਗਈ ਹੈ। ਡਾ. ਚਰਨ ਸਿੰਘ ਨੇ ਕਾਲੀਦਾਸ ਦੇ ਨਾਟਕ ਸ਼ਕੁੰਤਲਾ ਦਾ ਪੰਜਾਬੀ ਅਨੁਵਾਦ ਕੀਤਾ। ਇਸ ਵਿਚ ਵੀ ਅਨੁਵਾਦਕ ਇਹ ਤੱਥ ਪੇਸ਼ ਕਰਦਾ ਹੈ ਕਿ ਪੰਜਾਬੀ ਵਿਚ ਇਸ ਤੋਂ ਪਹਿਲਾਂ ਕੋਈ ਨਾਟਕ ਪ੍ਰਾਪਤ ਨਹੀਂ ਹੁੰਦਾ। ਸਪੱਸ਼ਟ ਹੈ ਕਿ ੨੦ ਵੀਂ ਸਦੀ ਤੋਂ ਪਹਿਲਾਂ ਪੰਜਾਬੀ ਵਿਚ ਕੋਈ ਨਾਟ-ਸਿਰਜਣਾ ਨਹੀਂ ਕੀਤੀ ਗਈ।

ਅੰਗਰੇਜ਼ਾਂ ਵੱਲੋਂ ਪੰਜਾਬ ਉਪਰ ਕਬਜ਼ਾ ਕਰਨ ਉਪਰੰਤ ਪੰਜਾਬ ਦੇ ਜਨ ਜੀਵਨ ਵਿਚ ਵਿਭਿੰਨ ਪੱਧਰ ਉਪਰ ਪਰਿਵਰਤਨ ਆਉਣੇ ਆਰੰਭ ਹੋ ਗਏ। ਅੰਗਰੇਜ਼ਾਂ ਦੇ ਰਾਜ-ਪ੍ਰਬੰਧ, ਕਾਰਜ-ਪ੍ਰਣਾਲੀ, ਸਾਸ਼ਨ-ਪ੍ਰਣਾਲੀ, ਵਿਦਿਅਕ ਨੀਤੀਆਂ, ਪੂੰਜੀਵਾਦੀ ਆਰਥਕ ਨੀਤੀਆਂ ਦੇ ਲਾਗੂ ਹੋਣ ਨਾਲ ਇਹ ਨਤੀਜਾ ਨਿਕਲਿਆ ਕਿ ਪੰਜਾਬ ਵਿਚ ਇਕ ਨਵੀਂ ਸ਼੍ਰੇਣੀ ਹੋਂਦ ਵਿਚ ਆਈ। ਇਸ ਨਵੀਂ ਸ਼੍ਰੇਣੀ ਨੂੰ ਮੱਧ ਸ਼੍ਰੇਣੀ ਦਾ ਨਾਮ ਦਿੱਤਾ ਗਿਆ। ਨਿਰਸੰਦੇਹ, ਬਸਤੀਵਾਦੀ ਰਾਜ ਪ੍ਰਬੰਧ, ਧਰਮ-ਨਿਰਪੇਖ ਹੋਣ ਦਾ ਦਾਅਵਾ ਕਰਦਾ ਸੀ ਪਰ ਫਿਰ ਵੀ ਈਸਾਈ ਮਿਸ਼ਨਰੀਆਂ ਦੀਆਂ ਸਰਗਰਮੀਆਂ ਨੂੰ ਸਰਕਾਰ ਦਾ ਉਤਸ਼ਾਹ ਪ੍ਰਾਪਤ ਹੁੰਦਾ ਰਿਹਾ।

ਬਸਤੀਵਾਦੀ ਸਰਕਾਰ ਵੱਲੋਂ ਪੈਦਾ ਕੀਤੀ ਧਾਰਮਿਕ ਸਮਾਜਿਕ ਸਥਿਤੀਆਂ ਦੇ ਪ੍ਰਤੀਕਰਮ ਵਜੋਂ, ਭਾਰਤ ਵਿਚ ਅਤੇ ਖ਼ਾਸ ਕਰਕੇ ਪੰਜਾਬ ਵਿਚ ਧਾਰਮਿਕ ਸੁਧਾਰਕ ਲਹਿਰਾਂ ਹੋਂਦ ਵਿਚ ਆਈਆਂ। ਪੱਛਮੀ ਢੰਗ ਦੀ ਵਿਦਿਆ-ਪ੍ਰਣਾਲੀ ਕਾਰਨ ਪੰਜਾਬੀ ਵਿਦਿਆਰਥੀਆਂ ਨੂੰ ਪੱਛਮੀ ਸਾਹਿਤ ਰੂਪਾਂ ਨਾਲ ਵਾਹ ਪਛਾਣ ਹੋਈ। ਨਾਟਕ ਅਤੇ ਨਾਵਲ ਅਸਲੋਂ ਨਵੇਂ ਸਾਹਿਤ ਰੂਪ ਸਨ। ਨਵੇਂ ਪੈਦਾ

ਹੋਏ ਮੱਧ-ਵਰਗ ਲਈ ਮਨੋਰੰਜਨ ਦੇ ਪਰੰਪਰਾਗਤ ਸਾਧਨ ਨਾਕਾਫ਼ੀ ਸਨ। ਇਸ ਤੋਂ ਵਧੇਰੇ ਇਹ ਪੜ੍ਹਿਆ ਲਿਖਿਆ ਮੱਧ ਵਰਗ, ਪੁਰਾਣੀਆਂ ਕਦਰਾਂ-ਕੀਮਤਾਂ ਨੂੰ ਪ੍ਰਚਲਤ ਰੂਪ ਵਿਚ ਕਾਇਮ ਕਰਨ ਤੋਂ ਇਨਕਾਰੀ ਹੋ ਰਿਹਾ ਸੀ ਅਤੇ ਨਵੇਂ ਸਮਾਜਕ ਮੁੱਲ ਪ੍ਰਚਲਤ ਕਰਨ ਲਈ ਜਤਨਸ਼ੀਲ ਸੀ। ਅਜਿਹੀ ਸਥਿਤੀ ਵਿਚ ਪੰਜਾਬ ਦੇ ਮੱਧ ਵਰਗੀ ਪਰਿਵਾਰਾਂ ਵਿਚ ਪੁਰਾਣੇ ਅਤੇ ਨਵੇਂ ਮੁੱਲਾਂ ਦੇ ਆਧਾਰ ਤੇ ਇਕ ਤਨਾਓ ਯੁਕਤ ਸਥਿਤੀ ਪੈਦਾ ਹੋਈ ਸੀ। ਇਹ ਤਨਾਓ ਯੁਕਤ ਸਥਿਤੀ ਵੀ ਪੰਜਾਬੀ ਨਾਟਕ ਦੇ ਉਦਭਵ ਦਾ ਇਕ ਮਹੱਤਵਪੂਰਨ ਕਾਰਨ ਬਣੀ। ਨਾਟ ਸਿਰਜਣਾ ਵਿਚ ਨਾਟਕਕਾਰ ਇਤਿਹਾਸ ਵਿਚੋਂ ਉਨ੍ਹਾਂ ਘਟਨਾਵਾਂ ਦੀ, ਵਿਅਕਤੀਆਂ ਦੀ, ਸਥਿਤੀਆਂ ਦੀ ਚੋਣ ਕਰਦਾ ਹੈ, ਜਿਹੜੀਆਂ ਤਨਾਉ-ਭਰਪੂਰ ਹੋਣ।

ਡਾ. ਹਰਿਚਰਨ ਸਿੰਘ ਲਿਖਦੇ ਹਨ,

"ਨਾਟਕਕਾਰ ਦਾ ਬੁਨਿਆਦੀ ਮਨੋਰਥ ਇਤਿਹਾਸਿਕ ਘਟਨਾਵਾਂ ਦੇ ਮਾਨਵੀ-ਸੰਦਰਭਾਂ ਨੂੰ ਉਘਾੜ ਕੇ ਇਤਿਹਾਸਕ ਸੱਚ ਨੂੰ ਸਰਬ-ਕਾਲੀ ਸੱਚ ਬਣਾਉਣਾ ਹੈ। ..... ਨਾਟਕ ਦਾ ਸਮੁੱਚਾ ਵਾਤਾਵਰਣ ਇਤਿਹਾਸਿਕ ਹੀ ਰਹਿੰਦਾ ਹੈ। ਇਤਿਹਾਸਿਕ ਘਟਨਾਵਾਂ ਅਤੇ ਨਾਟਕੀ ਘਟਨਾਵਾਂ ਦੀ ਇਕ ਅਜਿਹੀ ਸੰਗਲੀ ਮੁਲਕ ਬਣਤੀ ਬੁਣੀ ਜਾਂਦੀ ਹੈ ਕਿ .... ਵੱਖਰੀ ਪਹਿਚਾਣ ਸੰਭਵ ਨਹੀਂ ਹੁੰਦੀ।"

(ਪੰਜਾਬੀ ਇਤਿਹਾਸਿਕ ਨਾਟਕ, ਡਾ. ਹਰਚਰਨ ਸਿੰਘ/ ੪੪)

ਇਸੇ ਸਮੇਂ ਹੀ ਪਾਰਸੀ ਥੀਏਟਰੀਕਲ ਕੰਪਨੀਆਂ ਪੰਜਾਬ 'ਚ ਆਉਣੀਆਂ ਆਰੰਭ ਹੋਈਆਂ। ਇਨ੍ਹਾਂ ਕੰਪਨੀਆਂ ਦੇ ਬਹੁਤੇ ਨਾਟਕ, ਸਮਾਜ-ਸੁਧਾਰ ਅਤੇ ਨੈਤਿਕਤਾ ਦੇ ਵਿਸ਼ਿਆਂ ਨਾਲ ਸੰਬੰਧਿਤ ਹੁੰਦੇ ਸਨ। ਪਰੰਤੂ ਕਿਉਂਕਿ ਇਹ ਵਿਉਪਾਰਕ ਕੰਪਨੀਆਂ ਸਨ, ਇਸ ਲਈ ਇਨ੍ਹਾਂ ਵਿਚ ਰੁਮਾਂਸ ਦੇ ਅੰਸ਼ ਭਰਪੂਰ ਰੂਪ ਵਿਚ ਹੁੰਦੇ ਸਨ। ਇਹ ਕੰਪਨੀਆਂ ਪੱਛਮੀ ਨਾਟਕਾਂ ਦੇ ਹਿੰਦੁਸਤਾਨੀ ਅਨੁਵਾਦ ਵੀ ਪੇਸ਼ ਕਰਦੀਆਂ ਸਨ। ਇਸ ਸਾਰੀ ਸਥਿਤੀ ਤੋਂ ਪ੍ਰਭਾਵਿਤ ਹੋ ਕੇ ਡਾ. ਚਰਨ ਸਿੰਘ ਨੇ ਕਾਲੀਦਾਸ ਦੇ ਨਾਟਕ ਸ਼ਕੁੰਤਲਾ ਦਾ ਪੰਜਾਬੀ ਅਨੁਵਾਦ ਕੀਤਾ। ਇਥੇ ਹੀ ਅਨੁਵਾਦਕ ਇਹ ਦੱਸਦਾ ਹੈ ਕਿ ਇਸ ਤੋਂ ਪਹਿਲਾਂ ਪੰਜਾਬੀ ਵਿਚ ਕੋਈ ਨਾਟ ਰਚਨਾ ਪ੍ਰਾਪਤ ਨਹੀਂ ਸੀ।

੧. **ਪਹਿਲਾ ਦੌਰ (1913 ਤੋਂ ਪਹਿਲਾਂ):** ਇਸ ਦੌਰ ਨੂੰ ਪੂਰਵ ਨੰਦਾ ਪੜਾਅ ਵੀ ਕਿਹਾ ਜਾਂਦਾ ਹੈ। ਕਿਉਂਕਿ ਇਸ ਪੜਾਅ ਵਿਚ ਈਸ਼ਵਰ ਚੰਦਰ ਨੰਦਾ ਤੋਂ ਪਹਿਲਾ ਹੋਣ ਵਾਲੇ ਨਾਟਕਕਾਰ ਆਉਂਦੇ ਹਨ। ਪੰਜਾਬੀ ਨਾਟਕ ਦੇ ਪਿਛੋਕੜ ਵਿਚਲੀ ਨਾਟ-ਚੇਤਨਾ ਕਿਹੋ ਜਿਹੀ ਸੀ ਅਤੇ ਨਾਟਕ ਦੇ ਅਨੁਵਾਦ ਅਧੀਨ ਕਿਹੋ ਜਿਹੀ ਨਾਟ ਰਚਨਾ ਆਕਾਰ ਗ੍ਰਹਿਣ ਕਰ ਰਹੀ ਸੀ, ਇਸ ਸੰਬੰਧੀ ੧੯ਵੀਂ ਸਦੀ ਦਾ ਪਿਛਲਾ ਅੱਧ ਅਤੇ ੨੦ਵੀਂ ਸਦੀ ਦਾ ਪਹਿਲਾ ਦਹਾਕਾ ਆਪਣਾ ਮਹੱਤਵ ਸਿੱਧ ਕਰਦੇ ਹਨ।

**ਡਾ. ਸਤੀਸ਼ ਕੁਮਾਰ ਵਰਮਾ ਅਨੁਸਾਰ,**

> "ਇਸ ਸਮੇਂ ਦੌਰਾਨ ਅੰਗਰੇਜ਼ਾਂ ਦੀ ਆਮਦ ਰਾਹੀਂ ਪੱਛਮੀ ਪ੍ਰਭਾਵ, ਈਸਾਈ ਮਿਸ਼ਨਰੀਆਂ ਦੀ ਰਚਨਾਸ਼ੀਲਤਾ, ਸਿੰਘ ਸਭਾ ਦੇ ਉਭਾਰ, ਪੱਛਮੀ ਵਿਦਿਆ ਦੇ ਟਕਰਾਅ ਵਿਚੋਂ ਭਾਰਤੀ ਪਰੰਪਰਾ ਦੀ ਪੁਨਰ ਸਥਾਪਨਾ ਦੇ ਯਤਨ, ਲੋਕ ਨਾਟਕ ਦੇ ਰੂਪਾਂ ਦਾ ਨਿਰਵਿਘਨ ਪ੍ਰਚਲਣ .... ਸਿਨੇਮਾ ਦਾ ਆਗਮਨ ਆਦਿ ਅਜਿਹੇ ਪੱਖ ਹਨ ਜਿਹੜੇ... ਪੰਜਾਬ ਵਿਚ ਵਿਸ਼ਿਸ਼ਟ ਨਾਟਕ ਦੇ ਜਨਮ ਲਈ ਜ਼ਿੰਮੇਵਾਰ ਬਣਦੇ ਹਨ।"
>
> (ਪੰਜਾਬੀ ਨਾਟਕ ਦਾ ਇਤਿਹਾਸ, ਪੰਨਾ ਨੰ. 30-31)

ਇਸ ਦੌਰ ਵਿਚ ਜੋ ਪੰਜਾਬੀ ਨਾਟਕ ਸਿਰਜਣ ਦੇ ਯਤਨ ਹੋਏ ਸਨ ਉਨ੍ਹਾਂ ਨੂੰ ਪੂਰੀ ਤਰ੍ਹਾਂ ਮੌਲਿਕ ਯਤਨ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਸ ਸਮੇਂ ਦੇ ਨਾਟਕ ਕੁਝ ਅਨੁਵਾਦਿਤ ਰੂਪ ਵਿਚ ਸਨ, ਕੁਝ ਰੂਪਾਂਤਰਣ ਰੂਪ ਵਿਚ ਅਤੇ ਕੁਝ ਹੋਰ ਨਾਟਕ ਵਰਗੀਆਂ ਰਚਨਾਵਾਂ ਸਨ ਜਿਨ੍ਹਾਂ ਨੂੰ ਪੂਰੇ ਰੂਪ ਵਿਚ ਨਾਟਕ ਕਹਿਣਾ ਮੁਸ਼ਕਿਲ ਸੀ ਪਰ ਉਹਨਾਂ ਦੇ ਅੰਸ਼ਿਕ ਰੂਪ ਦੁਆਰਾ ਅਸੀਂ ਪੰਜਾਬੀ ਨਾਟਕ ਦਾ ਮੂੰਹ ਮੁਹਾਂਦਰਾ ਪਛਾਣਨ ਲਈ ਪ੍ਰੇਰਨਾ ਜ਼ਰੂਰ ਲੈ ਸਕਦੇ ਹਾਂ। ਇਹਨਾਂ ਨਾਟ-ਮਈ ਕ੍ਰਿਤਾਂ ਨੂੰ ਵਾਚਣ ਅਧੀਨ ਜੇਕਰ ਪੰਜਾਬੀ ਨਾਟਕ ਦਾ ਬੀਜ ਤਲਾਸ਼ ਕਰਦਿਆਂ ਪਿਛੋਕੜ ਵੱਲ ਜਾਈਏ ਤਾਂ ਸਭ ਤੋਂ ਪ੍ਰਮੁੱਖ ਰੂਪ ਵਿਚ ਸੰਸਕ੍ਰਿਤ ਨਾਟਕਾਂ ਦਾ ਪਰਿਪੇਖ ਉਭਰਦਾ ਹੈ। ਜਿਸ ਅਧੀਨ ਸੰਸਕ੍ਰਿਤ ਨਾਟਕਾਂ ਦੇ ਪੰਜਾਬੀ ਭਾਸ਼ਾ ਵਿਚ ਅਨੁਵਾਦ ਪ੍ਰਾਪਤ ਹਨ।

ਪੰਜਾਬੀ ਦੇ ਸੰਸਕ੍ਰਿਤ ਅਨੁਵਾਦਿਤ ਨਾਟਕਾਂ ਨੂੰ ਵਿਚਾਰਦਿਆਂ ਸਭ

ਤੋਂ ਪਹਿਲਾਂ ਹਿਰਦੇ ਰਾਮ ਵੱਲੋਂ ਬਿਕ੍ਰਮੀ 1623 ਵਿਚ (੧ ਵੀ ਸਦੀ) ਦਮੋਦਰ ਮਿਸ਼ਰ ਦੇ ਲਿਖੇ ਨਾਟਕ 'ਹਨੂੰਮਾਨ ਨਾਟਕ' ਦਾ ਅਨੁਵਾਦ ਕੀਤਾ ਗਿਆ। ਇਹ ਨਾਟਕ ਕਵਿਤਾ ਦੇ ਰੂਪ ਵਿਚ ਰਚਿਆ ਗਿਆ ਸੰਗੀਤਕ ਨਾਟਕ ਹੈ। ਰੂਪਾਗਤ ਪੱਖ ਤੋਂ ਇਸ ਦੇ ਚੌਦਾਂ ਅਧਿਆਇ ਹਨ ਅਤੇ ਇਸ ਵਿਚ ਰਾਮ-ਹਨੂੰਮਾਨ-ਰਾਵਣ ਦੀ ਕਥਾ ਬਿਰਤਾਂਤ ਦਾ ਵਰਣਨ ਕੀਤਾ ਗਿਆ ਹੈ। ਸ਼ਾਇਦ ਇਸੇ ਨਾਟਕ ਤੋਂ ਪ੍ਰਭਾਵਿਤ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿਤ੍ਰ ਨਾਟਕ' ਲਿਖਿਆ ਹੋਵੇ ਕਿਉਂਕਿ ਇਸ ਦੇ ਵੀ ਚੌਦਾਂ ਅਧਿਆਇ ਹਨ ਅਤੇ ਇਹ ਨਾਟਕ ਵੀ ਕਵਿਤਾ ਵਿਚ ਰਚਿਆ ਗਿਆ ਹੈ। ਇਸੇ ਵੰਨਗੀ ਦੀ ਰਚਨਾ 'ਪ੍ਰਬੋਧ ਚੰਦਰ' 1792 ਵਿਚ ਗੁਲਾਬ ਸਿੰਘ ਦੁਆਰਾ ਅਨੁਵਾਦਿਤ ਹੈ ਜੋ 'ਕ੍ਰਿਸ਼ਣ ਮਿਸ਼੍ਰ' (11ਵੀ. ਸਦੀ) ਦੇ 'ਪ੍ਰਬੋਧ ਚੰਦ੍ਰੋਦਯ' ਦਾ ਨਾਟਕ ਅਨੁਵਾਦ ਹੈ।

ਅਸਲ ਵਿਚ 'ਨਾਟਕ' ਦੇ ਅਨੁਵਾਦ ਅਧੀਨ ਪ੍ਰਾਪਤ ਇਨ੍ਹਾਂ ਅਨੁਵਾਦਿਤ ਨਾਟਕਾਂ ਨੂੰ ਪੂਰਨ ਰੂਪ ਵਿਚ ਨਾਟਕ ਨਹੀਂ ਮੰਨਿਆ ਜਾ ਸਕਦਾ। ਇਹਨਾਂ ਨਾਲ ਨਾਟਕ ਸ਼ਬਦ ਦੀ ਵਰਤੋਂ ਹੋਣ ਕਾਰਨ ਇਨ੍ਹਾਂ ਨੂੰ ਨਾਟਕ ਵਜੋਂ ਸਵੀਕਾਰ ਲਿਆ ਜਾਂਦਾ ਹੈ। ਜਿਵੇਂ 'ਬਚਿਤ੍ਰ ਨਾਟਕ' ਅਤੇ ਬਾਅਦ ਵਿਚ ਪ੍ਰਕਾਸ਼ਤ ਹੋਇਆ 'ਸੁਪਨ ਨਾਟਕ'।

'ਗਿਆਨੀ ਦਿੱਤ ਸਿੰਘ' ਦੁਆਰਾ ਰਚਿਤ 'ਸੁਪਨ ਨਾਟਕ' 1886 ਵਿਚ ਕਾਵਿ-ਰੂਪ ਵਿਚ ਲਿਖਿਆ ਗਿਆ, ਜਿਸਦੇ ਚੌਦਾ ਅਧਿਆਇ ਹਨ ਅਤੇ ਚੌਦੀ ਦੋਹਰੇ ਹਨ।

ਡਾ. ਗੁਰਦਿਆਲ ਸਿੰਘ ਫੁੱਲ ਅਨੁਸਾਰ,

> "ਇਹ ਨਾਟਕ ਪੰਜਾਬੀ ਦੇ ਪਹਿਲੇ ਮੌਲਿਕ ਨਾਟਕ ਵਜੋਂ ਪ੍ਰਾਪਤ ਹੋਇਆ ਹੈ, ਜਿਸ ਵਿਚ ਖਾਲਸਾ ਦੀਵਾਨ ਲਾਹੌਰ ਤੇ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਪਤਿਤਆ ਦਾ ਦੋਹਾਗੀ ਗੁਰੂ ਦੀ ਸਮੱਸਿਆ ਦੇ ਝਗੜੇ ਤੋਂ ਵਿਰੋਧ ਦਾ ਚਿੰਨ੍ਹਾਤਮਿਕ ਪ੍ਰਗਟਾ ਹੈ ਜਾਂ ਇਉਂ ਕਹਿ ਲਵੋ ਕਿ ਹੰਕਾਰੀ, ਦੰਭੀ, ਪੁਜਾਰੀ ਸਨਾਤਨੀਆਂ ਤੇ ਗਰੀਬ ਨਿਰਮਾਣ, ਗੁਰਸਿੱਖਾਂ ਦੀ ਟੱਕਰ ਦਾ ਚਿੱਤਰ ਹੈ।"
>
> (ਪੰਜਾਬੀ ਨਾਟਕ: ਸਰੂਪ, ਸਿਧਾਂਤ ਤੇ ਵਿਕਾਸ, ਪੰਨਾ ਨੰ.   )

ਇਹ ਨਾਟਕ ਸੁਪਨ ਸ਼ੈਲੀ ਤੇ ਆਧਾਰਿਤ ਹੈ ਅਤੇ ਇਸ ਵਿਧੀ ਨੂੰ ਅੱਗੋਂ ਜਾ ਕੇ ਅੱਠ ਦਹਾਕਿਆਂ ਬਾਅਦ ਹਰਚਰਨ ਸਿੰਘ ਨੇ ਆਪਣੇ ਸਾਹਿਤ ਅਕਾਦਮੀ ਇਨਾਮ ਜੇਤੂ 'ਕੱਲ ਅੱਜ ਤੇ ਭਲਕ' ਵਿਚ ਦੁਹਰਾਇਆ। ਗਿਆਨੀ ਦਿੱਤ ਸਿੰਘ ਦੇ 'ਸੁਪਨ ਨਾਟਕ' ਨਾਟਕ ਦੀ ਸਾਹਿਤਕ ਤੇ ਇਤਿਹਾਸਿਕ ਮਹੱਤਤਾ ਇਹ ਹੈ ਕਿ ਇਸ ਨਾਟਕ ਨੂੰ ਪੰਜਾਬੀ ਦੇ ਮੌਲਿਕ ਨਾਟਕ ਵਜੋਂ ਪ੍ਰਵਾਨ ਕੀਤਾ ਗਿਆ।

ਇਸੇ ਤਰਾਂ ਡਾ. ਚਰਨ ਸਿੰਘ ਨੇ 1898 ਵਿਚ ਕਾਲੀਦਾਸ ਦੇ ਨਾਟਕ ਸ਼ੰਕੁਤਲਾ ਦਾ ਪੰਜਾਬੀ ਅਨੁਵਾਦ ਕੀਤਾ। 'ਸ਼ੇਕਸਪੀਅਰ' ਦੇ ਨਾਟਕ 'ਓਥੈਲੋ' ਦਾ ਧਨੀ ਰਾਮ ਚਾਤ੍ਰਿਕ ਨੇ 1904 ਈ ਵਿਚ ਅਨੁਵਾਦ ਕੀਤਾ! ਜੋਹਨ ਸਿੰਘ ਸੇਵਕ ਨੇ 1911 ਈ. ਵਿਚ 'ਉਥੈਲੋ' ਸਿਰਲੇਖ ਹੇਠ ਅਤੇ ਅਮਰ ਸਿੰਘ ਨੇ 1912 ਈ. ਵਿਚ 'ਏਮਲਦਮਨ' ਦੇ ਰੂਪ ਵਿਚ ਅਨੁਵਾਦ ਕੀਤਾ।

ਇਸ ਤਰ੍ਹਾਂ ਸੰਸਕ੍ਰਿਤ ਨਾਟ ਪਰੰਪਰਾ ਪੰਜਾਬੀ ਨਾਟਕ ਦੇ ਇਸ ਆਰੰਭਲੇ ਦੌਰ ਦੀ ਮੁੱਖ ਪ੍ਰੇਰਕ ਸ਼ਕਤੀ ਸੀ, ਪਰੰਤੂ ਇਸਦੇ ਨਾਲ-ਨ ਪੱਛਮ ਦਾ ਪ੍ਰਭਾਵ ਵੀ ਇਸ ਨਾਟਕ ਦੇ ਪਿਛੋਕੜ ਵਿਚ ਪ੍ਰਭਾਵੀ ਰੂਪ ਵਿਚ ਕਾਰਜਸ਼ੀਲ ਹੈ। 1849 ਵਿਚ ਅੰਗਰੇਜ਼ਾਂ ਦੇ ਪੰਜਾਬ ਤੇ ਕਬਜ਼ਾ ਹੋਣ ਉਪਰੰਤ ਅਤੇ ਪਾਰਸੀ ਥਿਏਟਰ ਨਾਟਕ ਕੰਪਨੀਆਂ ਦੇ ਪੰਜਾਬ ਵਿਚ ਆਉਣ ਨਾਲ ਪੰਜਾਬੀ ਨਾਟਕ ਪੈਦਾ ਹੋਣ ਦੀ ਪ੍ਰੇਰਨਾ ਪ੍ਰਾਪਤ ਹੋਈ ਸੀ। ਇਸ ਸਥਿਤੀ ਦੇ ਸੰਬੰਧ ਨਜ਼ਰ ਜੇ. ਸੀ. ਓਮਾਨ' ਨੇ ਆਪਣੀ ਪੁਸਤਕ 'ਕਲਟਸ, ਕਸਟਮਜ਼ ਐਂਡ ਸੁਪਰਸਟੀਸ਼ਨਜ਼ ਆਫ਼ ਇੰਡੀਆ' ਵਿਚ ਪੰਜ ਨਾਟਕਾਂ ਦਾ ਅੱਖੀ ਡਿੱਠਿਆ ਜ਼ਿਕਰ ਹੈ! ਪਹਿਲਾ ਨਾਟਕ 'ਅਲਾਉਦੀਨ' ਸੀ, ਜੋ ਅਲਫ਼ ਲੈਲਾ ਦੀ ਕਹਾਣੀ ਦਾ ਨਾਟਕੀ ਰੂਪ ਸੀ। ਦੂਸਰਾ ਨਾਟਕ 'ਇੰਦਰ ਸਭਾ' ਸੀ! ਓਮਾਨ ਦੇ ਤੀਸਰੇ ਨਾਟਕ ਦਾ ਨਾਮ 'ਪ੍ਰਹਲਾਦ' ਹੈ। ਇਸ ਤੋ ਇਲਾਵਾ 'ਪੂਰਨ ਭਗਤ' ਅਤੇ 'ਸ਼ਰਾਬ ਕੌਰ' ਦਾ ਉਲੇਖ ਵੀ ਕੀਤਾ ਹੈ!

ਪੂਰਵ ਆਈ. ਸੀ. ਨੰਦਾ ਕਾਲ ਵਿਚ ਐੱਸ. ਐੱਸ. ਬਚਿੱਤ ਦਾ ਨਾਟਕ 'ਮਦਨਾ ਅਸਮਤਰ' ਵਰਣਨਯੋਗ ਹੈ! ਇਸ ਤੋਂ ਇਲਾਵਾ ਖਾਲਸਾ ਟ੍ਰੈਕਟ ਸੁਸਾਇਟੀ ਵੱਲੋਂ 1896 ਵਿਚ ਛਪਿਆ ਨਾਟਕ 'ਸੁਧ ਵੰਤੀ' ਤੇ 'ਚਿੰਤਾਮਣੀ' ਹਨ! ਇਸ ਤੋਂ ਇਲਾਵਾ ਮਥੁਰਾ ਚੰਦ ਰਚਿਤ ਨਾਟਕ 'ਸ਼ਰਾਬ ਕੌਰ' 1895 ਵਿਚ ਰਚਿਆ ਗਿਆ। ਇਸੇ ਕਾਲ ਵਿਚ ਹੀ ਕਾਲੀਦਾਸ ਦੇ ਨਾਟਕ 'ਅਭਿਗਿਆਨ ਸ਼ਾਕੁੰਤਲਮ' ਨੂੰ ਡਾ. ਚਰਨ ਸਿੰਘ ਨੇ ਅਨੁਵਾਦਿਤ ਰੂਪ ਵਿਚ ਪੇਸ਼ ਕੀਤਾ।

'ਬਾਵਾ ਬੁੱਧ ਸਿੰਘ' ਦੁਆਰਾ ਰਚਿਤ ਨਾਟਕ 'ਚੰਦਰਹਰੀ' ਅਥਵਾ ਕਰਤੂਤਾਂ ਦੀ ਲੜੀ ਨਾਲ ਪੰਜਾਬੀ ਵਿਚ ਮੌਲਿਕ ਨਾਟਕ ਲਿਖਣ ਦੀ ਪਰੰਪਰਾ ਦਾ ਆਰੰਭ ਹੋਇਆ। ਉਨ੍ਹਾਂ ਨੇ ਬਾਅਦ ਵਿਚ ਮੁੰਦਰੀ ਛੱਲ, ਨਾਰ ਨਵੇਲੀ ਅਤੇ ਦਾਮਨੀ ਆਦਿ ਨਾਟਕਾਂ ਦੀ ਰਚਨਾ ਵੀ ਕੀਤੀ ਹੈ। ਬਾਵਾ ਬੁੱਧ ਦੀ ਨਾਟ ਕਲਾ ਉਤੇ ਪਾਰਸੀ ਥੀਏਟਰੀਕਲ ਕੰਪਨੀਆਂ ਦਾ ਅਸਰ ਦਿਖਾਈ ਦਿੰਦਾ ਹੈ। ਇਹਨਾਂ ਵਿਚਲੇ ਰੁਮਾਂਟਿਕ, ਉਪ-ਭਾਵੁਕਤਾ, ਕਰਮਾਤੀ ਅੰਸ਼ ਅਤੇ ਨਟ-ਨਟੀ ਦਾ ਪ੍ਰਯੋਗ ਨਾਟਕਾਂ ਦੀ ਪਾਰਸੀ ਥੀਏਟਰੀਕਲ ਕੰਪਨੀਆਂ ਦੇ ਨਾਲ ਨੇੜਤਾ ਹੀ ਦਰਸਾਉਂਦੇ ਹਨ। ਪਰ ਰੰਗਮੰਚ ਦੇ ਪੱਖੋਂ ਬੁੱਧ ਸਿੰਘ ਦੇ ਨਾਟਕ ਕਿਸੇ ਗੰਭੀਰ ਥੀਏਟਰੀ ਚੇਤਨਾ ਦੀ ਗਵਾਹੀ ਨਹੀਂ ਭਰਦੇ।

ਬਾਵਾ ਬੁੱਧ ਤੋਂ ਬਾਅਦ 'ਲਾਲਾ ਕਿਰਪਾ ਸਾਗਰ' ਨੇ ਮਹਾਰਾਜਾ ਰਣਜੀਤ ਸਿੰਘ ਭਾਗ ਪਹਿਲਾ, ਭਾਗ ਦੂਜਾ ਅਤੇ ਡੀਡੋ ਜੰਮਵਾਲ ਨਾਟਕਾਂ ਦੀ ਰਚਨਾ ਕੀਤੀ ਹੈ। ਇਹਨਾਂ ਨਾਟਕਾਂ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਪੰਜਾਬ ਦੇ ਹੀਰੋ ਦੇ ਰੂਪ ਵਿਚ ਚਿਤਰਿਆ ਗਿਆ ਹੈ। ਇਹ ਸਾਰੇ ਨਾਟਕ ਵਸਤੂ ਸਮੱਗਰੀ ਅਤੇ ਤਕਨੀਕ ਪੱਖੋਂ ਕੋਈ ਵਖਰੇਵਾਂ ਨਹੀਂ ਰੱਖਦੇ! ਸਗੋਂ ਮੰਗਲਾਚਰਨ ਅਤੇ ਸੂਤਰਧਾਰ ਦੇ ਆ ਜਾਣ ਨਾਲ ਨਾਟ ਜੁਗਤਾਂ ਦੇ ਨਾਲ-੨ ਕਾਵਿਕ ਵਿਧਾਨ ਦੀ ਪਾਲਣਾ ਵੀ ਕਰਦੇ ਜਾਪਦੇ ਹਨ! ਕਿਤੇ ਕਿਤੇ ਛੰਦ ਬੱਧ ਵਾਰਤਾਲਾਪ ਵੀ ਰਚੇ ਹਨ।

'ਭਾਈ ਵੀਰ ਸਿੰਘ' ਦਾ ਨਾਟਕ ਸਿੱਖੀ ਸੁਧਾਰ ਦਾ ਪਹਿਲਾ ਨਾਟਕ 'ਰਾਜਾ ਲਖਦਾਤਾ'(1910) ਪੂਰੀ ਤਰ੍ਹਾਂ ਸਿੱਖੀ ਸੁਧਾਰ ਦੇ ਵਿਸ਼ੇ ਨਾਲ ਜੁੜਿਆ ਹੋਇਆ ਹੈ। ਨਾਟਕ ਦੇ ਆਰੰਭ ਵਿਚ ਲਿਖਿਆ ਹੈ ਕਿ ਇਹ ਇਕ 'ਕੌਮੀ ਡਰਾਮਾ' ਹੈ ਤੇ ਇਸ ਦੀਆਂ ਝਾਕੀਆਂ ਨੂੰ ਸਿੱਖਾਂ ਦੀ ਮੌਜੂਦਾ ਦਸ਼ਾ ਦਾ ਦਰਪਣ ਬਣਨ ਤੇ ਸੁਧਾਰ ਦਾ ਨਕਸ਼ਾ ਜਮਾ ਦੇਣ ਦਾ ਪ੍ਰਯਤਨ ਕੀਤਾ ਗਿਆ ਹੈ। ਨਾਟਕ ਦੀ ਭੂਮਿਕਾ ਵਿਚ ਨਾਟਕਕਾਰ ਦੱਸਦਾ ਹੈ, "ਸਿੱਖਾਂ ਦੀ ਹਾਲਤ ਜਿਸ ਉਚਾਈ ਤੇ ਸੀ ਉਸ ਤੋਂ ਹੇਠਾਂ ਆ ਕੇ ਅੱਠ-ਅੱਠ ਹੰਝੂ ਰੁਆਇਣ ਵਾਲੀ ਹੋ ਰਹੀ ਹੈ। ਇਸਦੇ ਸੁਧਾਰ ਦੇ ਜਤਨ, ਉਪਦੇਸ਼, ਅਖ਼ਬਾਰਾਂ, ਪੁਸਤਕਾਂ ਆਦਿ ਅਨੇਕਾਂ ਢੰਗਾਂ ਨਾਲ ਹੋ ਰਹੇ ਹਨ। ਪਰ ਅਸਲੀ ਹਾਲਤ ਨੂੰ ਵੀ ਸਾਹਮਣੇ ਲਿਆ ਦੇਣ ਵੀ ਸੁਧਾਰ ਦਾ ਲਾਹੇਵੰਦ ਤਰੀਕਾ ਹੈ! ਸਪੱਸ਼ਟ ਹੈ ਕਿ ਨਾਟਕਕਾਰ ਦੀ ਕੇਂਦਰੀ ਚਿੰਤਾ ਸਿੱਖੀ ਸੁਧਾਰ ਦੀ ਹੈ। ਇਹੋ ਹੀ ਭਾਈ ਸਾਹਿਬ ਦੀ ਸਭ ਤੋਂ ਉੱਤਮ ਖੂਬੀ ਹੈ

## ਗੁਰਬਖ਼ਸ਼ ਸਿੰਘ ਬੈਰਿਸਟਰ ਅਨੁਸਾਰ,

"ਭਾਈ ਵੀਰ ਸਿੰਘ ਧਾਰਮਿਕ ਮਾਹੌਲ ਵਿਚ ਪਲਿਆ ਸੀ ਅਤੇ ਸਿੰਘ ਸਭਾ ਲਹਿਰ ਨਾਲ ਪੂਰੀ ਤਰ੍ਹਾਂ ਪ੍ਰਤਿਬੱਧ ਸਾਹਿਤਕਾਰ ਸੀ। ਧਾਰਮਿਕ ਪ੍ਰਤੀਬੱਧਤਾ ਅਧੀਨ ਰਚੀ ਇਸਦੀ ਸਾਹਿਤ ਸਿਰਜਣਾ ਕਾਰਨ ਹੀ ਕੁਝ ਆਲੋਚਕਾਂ ਨੇ ਇਸ ਨੂੰ ਪੰਜਾਬੀ ਨਾਵਲਕਾਰ ਕਹਿਣ ਦੀ ਬਜਾਏ ਸਿੱਖੀ ਦਾ ਨਾਵਲਕਾਰ ਕਿਹਾ ਹੈ।"
(ਪੰਜਾਬੀ ਇਤਿਹਾਸਿਕ ਨਾਟਕ, ਡਾ. ਹਰਿਭਜਨ ਸਿੰਘ/178)

ਇਸ ਨਾਟਕ ਵਿਚ ਸਿੱਖਾਂ ਵਿਚ ਆਈ ਧਾਰਮਿਕ, ਸਦਾਚਾਰਕ ਗਿਰਾਵਟ ਨੂੰ ਰਾਜਾ ਲੱਖਦਾਤਾ ਸਿੰਘ ਵੱਖ-ਵੱਖ ਥਾਵਾਂ ਉਪਰ ਜਾ ਕੇ ਦੇਖਦਾ ਹੈ। ਰਾਜੇ ਦਾ ਇਕ ਤੋਂ ਵਧੀਕ ਥਾਵਾਂ ਉਪਰ ਜਾ ਕੇ ਵੇਖਣਾ, ਰਾਜੇ ਨੂੰ ਕਾਰਜਸ਼ੀਲ ਤਾਂ ਬਣਾਉਂਦਾ ਹੈ ਪਰ ਗਤੀਸ਼ੀਲ ਨਹੀਂ ਬਣਾਉਂਦਾ। ਰਾਜੇ ਦਾ ਹਰ ਨਵੀਂ ਥਾਂ ਜਾ ਕੇ ਵੇਖਣ ਨਾਲ ਨਾਟਕੀ ਕਥਾਨਕ ਵਿਚ ਵਿਸਥਾਰ ਤਾਂ ਆਉਂਦਾ ਹੈ ਪਰ ਵਿਕਾਸ ਨਹੀਂ। ਇਸ ਤਰ੍ਹਾਂ ਨਾਟਕ ਵਿਚ ਪੈਦਾ ਹੋਇਆ ਤਣਾਉ ਠਹਿਰਾਉ ਦੀ ਆਕ੍ਰਿਤੀ ਗ੍ਰਹਿਣ ਕਰ ਜਾਂਦਾ ਹੈ। ਨਾਟਕੀ ਬਣਤਰ ਦੇ ਪੱਖੋਂ ਇਹ ਪੱਛਮੀ ਅਤੇ ਸੰਸਕ੍ਰਿਤ ਨਾਟਕ ਦੇ ਮਿਲੇਜੁਲੇ ਪ੍ਰਭਾਵ ਨੂੰ ਗ੍ਰਹਿਣ ਕਰਦਾ ਪ੍ਰਤੀਤ ਹੁੰਦਾ ਹੈ।

ਭਾਈ ਸਾਹਿਬ ਦਾ ਇਹ ਨਾਟਕ ਸੋਧ ਪੱਖੋਂ ਅਤਿ ਕਮਜ਼ੋਰ ਰਚਨਾ ਹੈ। ਘਟਨਾਵਾਂ, ਕ੍ਰਿਆਵਾਂ ਅਤੇ ਪ੍ਰਪੰਚ ਇਸ ਨਾਟਕ ਨੂੰ ਇਕ ਸੁਚੱਜੀ ਨਾਟਕੀ ਗੋਲਾਈ ਪ੍ਰਦਾਨ ਕਰਨ ਵਿਚ ਰੁਕਾਵਟ ਬਣਦੇ ਹਨ। ਭਾਈ ਵੀਰ ਸਿੰਘ ਪਾਤਰ-ਚਿਤਰਣ ਦੇ ਸੰਬੰਧ ਵਿਚ ਬੜੀ ਸਤੱਈ ਦ੍ਰਿਸ਼ਟੀ ਤੋਂ ਕੰਮ ਲੈਂਦਾ ਹੈ। ਉਹ ਪਾਤਰਾਂ ਨੂੰ ਅਕਸਰ ਦੋ ਵਰਗਾਂ-ਦੁਰਾਚਾਰੀ ਤੇ ਸਦਾਚਾਰੀ ਜਾਂ ਪਾਪੀ ਤੇ ਨੇਕ ਵਿਚ ਵੰਡ ਕੇ ਪੇਸ਼ ਕਰਦਾ ਹੈ। ਉਸ ਦੇ ਆਦਰਸ਼ਕ ਨਾਇਕ ਉੱਚੇ-ਸੁੱਚੇ ਅਤੇ ਦ੍ਰਿੜ ਚਰਿੱਤਰ ਵਾਲੇ ਹੁੰਦੇ ਹਨ। ਉਹ ਵਾਰਤਾਲਾਪ ਲਿਖਣ ਵਿਚ ਸੰਜਮ-ਪਰਕ ਸ਼ੈਲੀ ਤੋਂ ਕੰਮ ਨਹੀਂ ਲੈਂਦਾ। ਉਹ ਦੀਰਘ ਆਕਾਰੀ, ਵਿਸਥਾਰਮਈ ਵਾਰਤਾਲਾਪ ਦੀ ਵਰਤੋਂ ਕਰਦਾ ਹੈ। ਅਜਿਹੇ ਵਾਰਤਾਲਾਪ ਵਿਚ ਰਵਾਨਗੀ, ਨਾਟਕੀਅਤਾ ਅਤੇ ਚੁਸਤਪਨ ਦਾ ਅਭਾਵ ਹੁੰਦਾ ਹੈ। ਭਾਈ ਸਾਹਿਬ ਨੂੰ ਥੀਏਟਰੀ ਚੇਤਨਾ ਦਾ ਅਨੁਭਵ ਪ੍ਰਾਪਤ ਨਹੀਂ ਹੈ, ਜਿਸ ਕਰਕੇ ਇਸਦਾ ਇਹ ਨਾਟਕ ਰੰਗਮੰਚ ਪੱਖੋਂ ਇਕ ਅਸਫਲ ਰਚਨਾ ਸਿੱਧ ਹੁੰਦਾ ਹੈ।

'ਅਰੂੜ ਸਿੰਘ ਤਾਇਬ' ਨੇ 1911 ਈ. ਵਿਚ 'ਸੁੱਕਾ ਸਮੁੰਦਰ' ਨਾਮ ਦਾ ਨਾਟਕ ਲਿਖਿਆ। ਇਹ ਨਾਟਕ ਚੌਥੀ ਐਜੂਕੇਸ਼ਨਲ ਕਾਨਫਰੰਸ, ਗੁਜਰਾਂਵਾਲੇ ਨੂੰ ਸਮ-ਰਪਣ ਕੀਤਾ ਗਿਆ ਹੈ। ਇਸ ਦਾ ਮੁੱਖ ਉਦੇਸ਼ ਪੰਜਾਬੀ ਭਾਸ਼ਾ ਦੀ ਉੱਨਤੀ ਹੈ। ਨਾਟਕ ਭਾਵੇਂ ਆਮ ਪੱਧਰ ਦਾ ਹੈ, ਪਰ ਇਸ ਵਿਚ ਭਾਈ ਵੀਰ ਸਿੰਘ ਦਾ ਪ੍ਰਭਾਵ ਸਪਸ਼ਟ ਦੇਖਿਆ ਜਾ ਸਕਦਾ ਹੈ।

'ਗੁਰਬਖ਼ਸ਼ ਸਿੰਘ ਬੈਰਿਸਟਰ' ਨੇ 1913 ਵਿਚ 'ਮਨਮੋਹਨ ਨਾਟਕ' ਦੀ ਰਚਨਾ ਕੀਤੀ। ਇਸ ਨਾਟਕ ਦਾ ਉਦੇਸ਼ ਵੀ ਸਿੱਖੀ ਸੁਧਾਰ ਹੈ। ਨਾਟਕਕਾਰ ਭੂਮਿਕਾ ਵਿਚ ਲਿਖਦਾ ਹੈ ਕਿ ਉਸ ਨੇ ਖ਼ਾਲਸਾ ਜੀ ਦੀ ਬੜੀ ਭਿਆਨਕ ਮੂਰਤੀ ਵੇਖੀ ਤਾਂ ਨਾਟਕ ਲਿਖਣ ਦਾ ਖ਼ਿਆਲ ਆਇਆ ਤਾਂ ਜੋ ਖ਼ਾਲਸਾ ਜੀ ਦੇ ਬੁਰੇ ਆਚਾਰ ਤੇ ਧਰਮਸ਼ਾਲਾ ਦੇ ਬੁਰੇ ਪ੍ਰਬੰਧ, ਸੰਤਸੰਗ ਦੇ ਗੁਣ, ਕੁਸੰਗ ਦੇ ਦੋਸ਼ ਆਦਿ ਦਾ ਸੱਚਾ ਨਕਸ਼ਾ ਪੜ੍ਹਨ ਵਾਲਿਆਂ ਦੇ ਸਾਹਮਣੇ ਖਿੱਚ ਕੇ ਦਿਖਾ ਸਕੇ। ਇਸ ਪ੍ਰਕਾਰ ਇਹ ਨਾਟਕ ਪੰਥ ਸੁਧਾਰ ਲਈ ਲਿਖਿਆ ਗਿਆ ਹੈ। ਪਰ ਇਹ ਨਾਟਕ ਵੀ ਨਾਟਕੀਅਤਾ ਦੇ ਪੱਖ ਤੋਂ ਕਮਜ਼ੋਰ ਹੈ।

ਇਸ ਪ੍ਰਕਾਰ ਇਸ ਸਮੇਂ ਦੇ ਨਾਟਕ ਸਿੱਖ ਵਰਗ ਦੇ ਸਰੋਕਾਰਾਂ ਨੂੰ ਪ੍ਰਗਟਾਉਣ ਲਈ ਲਿਖੇ ਗਏ ਸਨ ਅਤੇ ਸੁਧਾਰਵਾਦੀ ਸੁਰ ਭਾਰੂ ਰਹੀ। ਇਨ੍ਹਾਂ ਵਿਚ ਰੰਗਮੰਚੀ ਖਿੱਚ ਹੋਣ ਦੇ ਬਾਵਜੂਦ ਚੰਗੇ ਰੰਗਮੰਚ ਦੀ ਅਣਹੋਂਦ ਤੇ ਧਾਰਮਿਕ ਮਾਨਤਾਵਾਂ ਕਰਕੇ ਉਦਾਸੀਨਤਾ ਵੀ ਰਹੀ ਹੈ। ਇਸੇ ਲਈ ਇਹ ਨਾਟਕ ਵਿਸ਼ਵ ਵਿਆਪੀ ਅਤੇ ਦੇਸ਼ ਵਿਆਪੀ ਵਿਸ਼ਿਆਂ ਦਾ ਨਿਭਾਅ ਕਰਦੇ ਪ੍ਰਤੀਤ ਨਹੀਂ ਹੁੰਦੇ। ਇਹ ਸਿਰਫ਼ ਮੁੱਢਲੇ ਨਾਟਕਾਂ ਦੀਆਂ ਲੋੜਾਂ ਦੀ ਪੈਰਵਾਈ ਕਰਦੇ ਪ੍ਰਤੀਤ ਹੁੰਦੇ ਹਨ।

2. **ਦੂਜਾ ਦੌਰ (1913 ਤੋਂ 1947 ਤੱਕ):** 1913 ਤੋਂ ਸ਼ੁਰੂ ਹੋਇਆ ਸਮਾਂ ਪੰਜਾਬੀ ਨਾਟਕ ਦਾ ਅਸਲ ਵਿਚ ਆਧੁਨਿਕ ਸਮਾਂ ਹੈ ਭਾਵ ਆਧੁਨਿਕ ਪੰਜਾਬੀ ਨਾਟਕ ਦਾ ਪਹਿਲਾ ਪੜਾਅ ਹੈ। ਇਹ ਸਥਿਤੀ ਬਹੁਤ ਹੀ ਮਹੱਤਵਪੂਰਨ ਹੈ ਕਿਉਂਕਿ ਇਹ ਹੀ ਉਹ ਪੜਾਅ ਹੈ, ਜਿਸ ਵਿਚ ਆਧੁਨਿਕ ਚੇਤਨਾ ਸੰਪੰਨ ਪੰਜਾਬੀ ਨਾਟਕ ਆਪਣੀ ਹੋਂਦ ਜ਼ਾਹਿਰ ਕਰਦਾ ਹੈ ਅਤੇ ਆਪਣੀਆਂ ਦਿਸ਼ਾਵਾਂ ਸਪੱਸ਼ਟ ਕਰਦਾ ਹੈ।

ਪੰਜਾਬੀ ਨਾਟਕ ਦੇ ਵਿਕਾਸ ਵਿਚ ਨੰਦਾ ਅਤੇ ਨੰਦ ਦੋ ਸ਼ਖ਼ਸੀਅਤਾਂ ਦਾ ਮੁੱਢਲਾ ਯੋਗਦਾਨ ਹੈ। ਜਿਨ੍ਹਾਂ ਦੇ ਇਤਿਹਾਸਿਕ ਮਹੱਤਵ ਨੂੰ ਸਵੀਕਾਰਨਾ ਬਣਦਾ ਹੈ।

## ਡਾ. ਹਰਚਰਨ ਸਿੰਘ ਬਾਰੇ ਜਾਣ ਕਿ

> "ਨੰਦਾ ਨੇ ਸਾਰਾ ਜੀਵਨ ਪੰਜਾਬ ਅੰਦਰ ਆਧੁਨਿਕ ਭਾਂਤ ਦੇ ਨਾਟਕ ਅਤੇ ਮੰਚ ਸਥਾਪਿਤ ਕਰਨ ਵਿਚ ਅਰਪਣ ਕੀਤਾ.... ਪੰਜਾਬੀ ਨਾਟਕ ਤੇ ਰੰਗਮੰਚ ਦੀ ਬੁਨਿਆਦ ਉਸ ਨੇ ਜੋ ਰੱਖੀ ਜਿਸ ਨੂੰ ਬਾਅਦ ਵਿਚ ਆਈ. ਸੀ. ਨੰਦਾ ਨੇ ਅੱਗੇ ਤੋਰਿਆ।"
>
> (ਪੰਜਾਬੀ ਨਾਟਕ ਦਾ ਇਤਿਹਾਸ, ਸਤੀਸ਼ ਕੁਮਾਰ ਵਰਮਾ/52)

ਪਹਿਲੇ ਦੌਰ ਭਾਵ ਮੁੱਢਲੇ ਦੌਰ (1913 ਤੋਂ ਪਹਿਲਾਂ) ਤੋਂ ਬਾਅਦ ਦੂਸਰੇ ਦੌਰ ਭਾਵ (1913 ਤੋਂ 1947) ਦਰਮਿਆਨ ਨਾਟਕ ਖੇਤਰ ਵਿਚ ਮਹੱਤਵਪੂਰਨ ਪਰਿਵਰਤਨ ਆਇਆ। ਜਿਸ ਦੇ ਅੰਤਰਗਤ 'ਆਈ. ਸੀ. ਨੰਦਾ' ਤੋਂ ਇਲਾਵਾ ਕਈ ਹੋਰ ਨਾਟਕਕਾਰਾਂ ਨੇ ਨਾਟਕ ਦੀ ਰਚਨਾ ਕਰਨੀ ਆਰੰਭ ਕੀਤੀ ਜਿਨਾਂ ਵਿਚੋਂ ਹਰਚਰਨ ਸਿੰਘ, ਬਲਵੰਤ ਗਾਰਗੀ, ਸੰਤ ਸਿੰਘ ਸੇਖੋਂ, ਗੁਰਦਿਆਲ ਸਿੰਘ ਫੁੱਲ, ਗੁਰਦਿਆਲ ਸਿੰਘ ਖੋਸਲਾ, ਕਰਤਾਰ ਸਿੰਘ ਦੁੱਗਲ ਆਦਿ ਨਾ ਵਰਣਨ ਯੋਗ ਹਨ।

'ਆਈ. ਸੀ. ਨੰਦਾ' ਨੂੰ ਪੰਜਾਬੀ ਨਾਟਕ ਦਾ ਪਿਤਾਮਾ ਸਵੀਕਾਰਿਆ ਜਾਂਦਾ ਹੈ। ਪਰ ਨੰਦੇ ਤੋਂ ਵੀ ਪਹਿਲਾ 'ਬ੍ਰਿਜ ਲਾਲ ਸ਼ਾਸਤਰੀ' ਨੇ ਮੌਲਿਕ ਨਾਟਕ ਲਿਖਣ ਦੀ ਪਰੰਪਰਾ ਸ਼ੁਰੂ ਕਰ ਦਿੱਤੀ ਸੀ। 'ਬ੍ਰਿਜ ਲਾਲ ਸ਼ਾਸਤਰੀ ਨੇ ਪੂਰਨ ਨਾਟਕ (1919), ਸਾਵਿਤਰੀ (1926), ਸੁਕੰਨਿਆ (1925) ਤੇ ਉਦੈਨ (1922) ਨਾਟਕ ਲਿਖੇ। 'ਪੂਰਨ ਨਾਟਕ' ਕਵਿਤਾ ਵਿਚ ਤੇ 'ਉਦੈਨ' ਮੁਕਤ ਛੰਦ ਵਿਚ, 'ਸਾਵਿਤਰੀ' ਤੇ 'ਸੁਕੰਨਿਆ' ਵਾਰਤਕ ਵਿਚ ਹਨ। ਇਨ੍ਹਾਂ ਵਿਚੋਂ ਪੂਰਨ ਨਾਟਕ ਬਹੁਤ ਪ੍ਰਸਿੱਧ ਹੋਇਆ, ਜਿਸ ਦਾ ਕਾਰਣ ਉਸਦੀ ਨਾਟਕੀ ਉੱਤਮਤਾ ਨਾਲੋਂ ਵੱਧ ਇਸ ਦੀ ਕਹਾਣੀ ਦਾ ਪੰਜਾਬੀ ਜੀਵਨ ਦਾ ਅੰਗ ਹੋਣਾ ਤੇ ਮਨੋਰੰਜਨ ਤੇ ਹਾਸਰਸ ਦੇ ਪੱਖੋਂ ਰਸਦਾਇਕ ਹੋਣਾ ਹੈ।

## ਭੁਪਾਲ ਦਾਸ ਅਨੁਸਾਰ,

> "ਬ੍ਰਿਜ ਲਾਲ ਸ਼ਾਸਤਰੀ ਦੇ ਨਾਟਕਾਂ ਦੇ ਵਿਸ਼ੇ ਇਤਿਹਾਸਿਕ, ਮਿਥਿਹਾਸਿਕ ਅਤੇ ਪੌਰਾਣਿਕ ਕਥਾਵਾਂ ਨਾਲ ਸੰਬੰਧਿਤ ਹਨ। ਭਾਵੇਂ ਬ੍ਰਿਜ ਲਾਲ

ਸ਼ਾਸਤਰੀ ਦਾ ਨਾਟਕੀ ਹੁਨਰ ਬਾਵਾ ਬੁੱਧ ਸਿੰਘ ਅਤੇ ਕਿਰਪਾ ਸਾਗਰ ਨਾਲੋਂ ਕਲਾ-ਰੂਪ ਦੀ ਪੱਧਰ ਤੇ ਵਧੇਰੇ ਪਕੇਰਾ ਹੈ, ਔੜ੍ਹ ਇਸ ਦੇ ਨਾਟਕਾਂ ਵਿਚ ਤਕਨੀਕੀ ਉਕਾਈਆਂ ਰੜਕਦੀਆਂ ਹਨ।"

(ਪੰਜਾਬੀ ਨਾਟ-ਆਲੋਚਨਾ, ਭੂਪਾਲ ਦਾਸ / 09)

ਬ੍ਰਿਜ ਲਾਲ ਸ਼ਾਸਤਰੀ ਆਪਣੇ ਨਾਟਕ ਵਿਚ ਇਨਾਂ ਉਕਤਾਈਆਂ ਕਾਰਨ ਨੰਦੇ ਦਾ ਸਮਕਾਲੀਨ ਹੁੰਦਾ ਹੋਇਆ ਵੀ ਇੰਨੀ ਪ੍ਰਸਿੱਧੀ ਪ੍ਰਾਪਤ ਨਹੀਂ ਕਰ ਸਕਿਆ।

ਇਸ ਤੋਂ ਇਲਾਵਾ 'ਜੋਸ਼ੂਆ ਫ਼ਜ਼ਲਦੀਨ' ਰਚਿਤ 'ਪਿਉ ਦੇ ਵੈਰੀ' ਅਤੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਰਚਿਤ ਨਾਟਕ 'ਰਾਜ ਕੁਮਾਰੀ ਲਤਿਕਾ' ਮਿਲਦੇ ਹਨ। 'ਪਿਉ ਦੇ ਵੈਰੀ' ਦਾ ਤਕਨੀਕੀ ਪੱਧ 'ਰਾਜ ਕੁਮਾਰੀ ਲਤਿਕਾ' ਤੋਂ ਕੁਝ ਚੰਗਾ ਹੈ।

ਇਸ ਦੌਰ ਦਾ ਹਰਮਨ-ਪਿਆਰਾ, ਲੋਕ ਹਿਤਕਾਰਿਆ ਅਤੇ ਲੋਕ ਸਤਿਕਾਰਿਆ ਨਾਟਕਕਾਰ 'ਈਸ਼ਵਰ ਚੰਦਰ ਨੰਦਾ' ਮਿਲਦਾ ਹੈ। ਉਹ ਪੰਜਾਬੀ ਦਾ ਪਹਿਲਾ ਨਾਟਕਕਾਰ ਹੈ ਜੋ ਸੁਚੇਤ ਪੱਧਰ ਉਪਰ ਰੰਗਮੰਚ ਨਾਲ ਜੁੜਿਆ ਹੈ। ਨੰਦੇ ਦੇ ਨਾਟਕਾਂ ਨਾਲ ਪੰਜਾਬੀ ਰੰਗਮੰਚੀ ਨਾਟਕ ਦਾ ਆਰੰਭ ਹੁੰਦਾ ਹੈ!

ਪ੍ਰੋ. ਕਿਰਪਾਲ ਸਿੰਘ ਕਸੇਲ ਅਨੁਸਾਰ,

ਇਸ ਮੋਢੀ ਨਾਟਕਕਾਰ ਨੇ ਇਕੋ ਹੱਲੇ ਵਿਚ ਹੀ ਪੰਜਾਬੀ ਨਾਟਕ ਨੂੰ ਇਤਿਹਾਸ ਤੇ ਮਿਥਿਹਾਸ ਦੇ ਘੇਰਿਉਂ ਕੱਢ ਕੇ ਸਮਕਾਲੀ ਸਥਿਤੀ ਦਾ ਹਾਣੀ ਆਣ ਬਣਾਇਆ ਹੈ!

(ਪੰਜਾਬੀ ਸਾਹਿਤ ਦਾ ਇਤਿਹਾਸ: ਭਾਗ ਦੂਜਾ / 404)

ਨੰਦੇ ਦੀ ਪੰਜਾਬੀ ਨਾਟਕ ਸਾਹਿਤ ਨੂੰ ਦੇਣ ਇਸ ਪ੍ਰਕਾਰ ਹੈ: ਸੁਭੱਦਰਾ (1920), ਵਰ ਘਰ (1928), ਸੋਸ਼ਲ ਸਰਕਲ (1953) ਨਾਟਕਾਂ ਤੋਂ ਇਲਾਵਾ ਬੇਬੇ ਰਾਮ ਭਜਨੀ, ਮਾਂ ਦਾ ਡਿਪਟੀ, ਚੋਰ ਕੌਣ ਆਦਿ ਇਕਾਂਗੀ ਵੀ ਪੰਜਾਬੀ ਨਾਟਕ ਦੀ ਝੋਲੀ ਪਾਏ ਹਨ!

ਈਸ਼ਵਰ ਚੰਦਰ ਨੰਦਾ ਨੂੰ ਬਲਵੰਤ ਗਾਰਗੀ 'ਨਾਟਕ ਦਾ ਪਿਤਾਮਾ' ਅਤੇ 'ਨੋਰਾ ਰਿਚਰਡ' ਨੂੰ ਪੰਜਾਬੀ 'ਨਾਟਕ ਦੀ ਬੇਬੇ' ਕਹਿੰਦਾ ਹੈ। ਕਿਉਂਕਿ ਨੰਦੇ ਨੂੰ ਉੱਭਣ ਵਾਲੀ ਮਹਾਨ ਹਸਤੀ ਸ਼੍ਰੀਮਤੀ ਨੋਰਾ ਰਿਚਰਡ ਸੀ। ਅਤੇ ਨੋਰਾ ਦੇ ਪ੍ਰਭਾਵ ਅਧੀਨ ਪਨਪੀ ਨੰਦੇ ਦੀ ਨਾਟ ਚੇਤਨਾ, ਸਮਕਾਲੀ ਸਮਾਜਕ ਸਮੱਸਿਆਵਾਂ ਨੂੰ ਰੰਗਮੰਚ ਦੀਆਂ ਸੀਮਾਵਾਂ ਅਨੁਸਾਰ ਯਥਾਰਥਵਾਦੀ ਦ੍ਰਿਸ਼ਟੀ ਤੋਂ ਸਿਰਜਦੀ ਹੈ। ਇਸਦੇ ਨਾਲ ਹੀ ਨੰਦੇ ਨੇ ਪੰਜਾਬੀ ਨਾਟਕ ਦਾ ਸੰਬੰਧ ਜੀਵਨ ਤੇ ਇਸਦੀਆਂ ਸਮੱਸਿਆਵਾ ਨਾਲ ਜੋੜਿਆ ਪਰ ਇਸ ਤਰ੍ਹਾਂ ਨਹੀਂ ਕਿ ਨਾਟਕ ਨੂੰ ਜੀਵਨ ਦਾ ਪ੍ਰਤਿਬਿੰਬ ਬਣਾਇਆ ਜਾਵੇ, ਸਗੋਂ ਇਸ ਤਰ੍ਹਾਂ ਕਿ ਨਾਟਕੀ ਜੁਗਤ ਰਾਹੀਂ ਜੀਵਨ ਦਾ ਸੁਧਾਰ ਕਰਨ ਲਈ ਪ੍ਰਚਾਰ ਕੀਤਾ ਜਾਵੇ!

ਨੰਦੇ ਨੇ ਆਪਣੇ ਨਾਟਕਾਂ ਵਿਚ ਤੀਖਣ ਸਮਾਜਕ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ ਕਿਉਂਕਿ ਉਹ ਇਕ ਸਮਾਜ ਸੁਧਾਰਕ ਨਾਟਕਕਾਰ ਹੈ! ਇਹਨਾਂ ਸਮੱਸਿਆਵਾਂ ਦੀ ਪੇਸ਼ਕਾਰੀ ਲਈ ਉਹ ਪੁਰਾਣੇ ਵਿਚਾਰਾਂ ਵਾਲੀ ਅਤੇ ਨਵੇਂ ਵਿਚਾਰਾ ਵਾਲੀ ਪੀੜ੍ਹੀ ਦੀ ਟੱਕਰ ਨੂੰ ਪੇਸ਼ ਕਰਦਾ ਹੈ। ਇੰਞ ਉਸ ਦੇ ਨਾਟਕਾਂ ਵਿਚ ਕਾਰਜ ਉਤਸੁਕਤਾ ਅਤੇ ਲਟਕਾਅ ਪੈਦਾ ਹੁੰਦਾ ਹੈ। ਉਸਦੇ ਪਾਤਰ ਸਾਡੇ ਜੀਵਨ ਦੇ ਜਾਣੇ-ਪਛਾਣੇ ਪਾਤਰ ਹੁੰਦੇ ਹਨ, ਜਿਹੜੇ ਦਰਸ਼ਕ ਦੀ ਮਾਨਸਿਕਤਾ ਨਾਲ ਆਪਣੀ ਡੂੰਘੀ ਸਾਂਝ ਸਥਾਪਿਤ ਕਰ ਲੈਂਦੇ ਹਨ! ਵਿਅੰਗਾਤਮਕ ਸੰਵਾਦ ਸਿਰਜਣਾ ਵੀ ਉਸਦੇ ਨਾਟਕਾਂ ਨੂੰ ਸਫਲ ਬਣਾਉਂਦਾ ਹੈ।

## ਡਾ. ਰਤਨ ਸਿੰਘ ਜੱਗੀ ਅਨੁਸਾਰ

"ਉਸਦੀ ਸਭ ਤੋਂ ਵੱਡੀ ਦੇਣ ਸੁਭਾਵਿਕ, ਰੌਚਿਕ ਤੇ ਸੰਜਮੀ ਵਾਰਤਾਲਾਪ ਹੈ (ਭਾਵੇਂ ਸੰਜਮ ਵਾਲੀ ਗੱਲ ਪੂਰਨ ਭਾਂਤ ਢੁਕਦੀ ਨਹੀਂ)। ਜਿਹੜੀ ਉਸਨੂੰ ਜੁਗਾਂ-ਜੁਗਾਂ ਤੱਕ ਪੰਜਾਬੀ ਨਾਟਕ ਅਤੇ ਰੰਗਮੰਚ ਤੇ ਜੀਵਿਤ ਰੱਖੇਗੀ।"

(ਪੰਜਾਬੀ ਨਾਟ-ਆਲੋਚਨਾ, ਭੂਪਾਲ ਦਾਸ, ਪੰਨਾ ਨੰ. ੨੦)

ਪੰਜਾਬੀ ਵਿਚ ਨਿਰੋਲ ਪੱਛਮੀ ਪ੍ਰਭਾਵ ਅਧੀਨ ਯਥਾਰਥਵਾਦ ਦਾ ਪ੍ਰਭਾਵ ਕਬੂਲ ਕਰਨ ਵਾਲਾ ਮੋਢੀ ਨਾਟਕਕਾਰ ਵੀ ਈਸ਼ਵਰ ਚੰਦਰ ਨੰਦਾ ਹੀ ਹੈ! ਉਸਦੇ ਪਹਿਲੇ ਨਾਟਕ 'ਸੁਭੱਦਰਾ' (੧੯੨੦) ਦੇ ਮੁੱਖ ਬੰਦ ਵਿਚ 'ਸਰ ਜੋਗਿੰਦਰ ਸਿੰਘ' ਨੇ ਉਸਨੂੰ ਇਕਨਵੀਂ ਲਹਿਰ ਦਾ ਮੋਢੀ ਕਿਹਾ ਹੈ:

"Mr. Nanda is the harbinger of a new movement under the guidance of Mrs. Nora Richards, he has broken a fresh ground."

(ਨਾਟਕੀ ਸਾਹਿਤ, ਨਵਨਿੰਦਰਾ ਬਹਿਲ, ਪੰਨਾ ਨੰ. 177)

ਨੰਦਾ ਇਕ ਸੁਖਾਂਤ ਨਾਟਕਕਾਰ ਹੈ। ਇਸ ਕਰਕੇ ਉਸਦੇ ਨਾਟਕਾਂ ਵਿਚ ਵਿਅੰਗਮਈ ਸ਼ੈਲੀ ਦੀ ਪ੍ਰਧਾਨਤਾ ਹੁੰਦੀ ਹੈ। ਇਹ ਵਿਅੰਗ ਸਥਿਤੀਆਂ ਜਾਂ ਸਦਾਚਾਰਕ ਕੀਮਤਾਂ ਉਪਰ ਹੁੰਦਾ ਹੈ, ਜਿਹੜੀਆਂ ਮਾਨਵੀ ਵਿਕਾਸ ਦੇ ਰਾਹ ਵਿਚ ਮੁਸ਼ਕਲ ਪੈਦਾ ਕਰਦੀਆਂ ਹਨ। ਨੰਦਾ ਪੁਰਾਤਨ ਪੀੜ੍ਹੀ ਨਾਲ ਸੰਬੰਧਿਤ ਬੁੱਢੀਆਂ-ਠੇਰੀਆਂ ਦੀ ਲੋਕ-ਮੁਹਾਵਰੇ ਵਾਲੀ ਬੋਲੀ ਲਿਖਣ ਵਿਚ ਪੂਰਾ ਉਤਰਿਆ ਹੈ।

ਡਾ. ਕੁਲਦੀਪ ਸਿੰਘ ਧੀਰ ਦਾ ਮੱਤ ਹੈ,

"ਨੰਦਾ ਦੀ ਨਾਟਕ ਕਲਾ ਦਾ ਇਕ ਸਿਫਤ-ਜੋਗ ਪੱਖ ਇਹ ਹੈ ਕਿ ਉਹ ਆਪਣੀ ਕਲਪਨਾ ਤੇ ਬੁੱਧੀ ਦਾ ਪ੍ਰਯੋਗ ਕਰਦਿਆਂ ਵੀ ਯਥਾਰਥ ਦਾ ਪੱਲਾ ਨਹੀਂ ਛੱਡਦਾ। ਉਹ ਵਿਅਕਤੀਗਤ ਚਰਿਤਰ ਉਸਾਰੀ ਦੀ ਥਾਂ ਸ਼੍ਰੇਣੀਗਤ ਚਰਿੱਤਰ ਚਿਤਰਣ ਕਰਦਾ ਹੈ।"
(ਮੰਚ-ਘਰ, ਪੰਨਾ ਨੰ. ੧੨੫)

ਇਸ ਪ੍ਰਕਾਰ ਈਸ਼ਵਰ ਚੰਦਰ ਨੰਦਾ ਪੰਜਾਬੀ ਨਾਟਕ ਦਾ ਸਿਰਮੌਰ ਅਤੇ ਸਿਰਕੱਢ ਨਾਟਕਕਾਰ ਹੋ ਨਿਬੜਿਆ ਹੈ।

ਨੰਦੇ ਤੋਂ ਬਾਅਦ ਆਧੁਨਿਕ ਪੰਜਾਬੀ ਨਾਟਕ ਦੇ ਮੂੰਹ ਮੁਹਾਂਦਰੇ ਨੂੰ ਨਿਖਾਰਨ ਵਾਲਾ ਨਾਟਕਕਾਰ 'ਹਰਚਰਨ ਸਿੰਘ' ਹੈ, ਉਸ ਨੇ ਆਪਣੇ ਸਾਰੇ ਨਾਟਕ ਸਮਾਜਕ, ਇਤਿਹਾਸਕ ਅਤੇ ਧਾਰਮਿਕ ਵਿਸ਼ਿਆਂ ਉਪਰ ਆਧਾਰਿਤ ਰਚੇ ਹਨ। ਉਸ ਦਾ ਪਹਿਲਾ ਨਾਟਕ 'ਕਮਲਾ ਕੁਮਾਰੀ' ਹੈ ਅਤੇ 1947 ਤੱਕ ਦੇ ਉਸਦੇ ਹੋਰ ਨਾਟਕ ਰਾਜਾ ਪੋਰਸ, ਦੂਰ ਦੁਰਾਡੇ ਸ਼ਾਹਰੋਂ, ਅਨਜੋੜ, ਮੋਹਨ ਲੀਲਾ,

ਸਪਤ ਰਿਸ਼ੀ, ਪੰਜ ਗੀਟੜਾ, ਅਤੇ ਖੰਡਵ ਦੇ ਵਿਚ ਚਾਰ ਅਜਿਹੇ ਹਨ। ਇਹ ਸਾਰੇ ਨਾਟਕ ਉਸ ਨੇ ਦਰਸ਼ਕਾਂ ਨੂੰ ਮੁਖ ਰੱਖ ਕੇ ਲਿਖੇ ਹਨ, ਕਿਉਂਕਿ ਉਸਦਾ ਵਿਚਾਰ ਹੈ ਕਿ,

> "ਨਾਟਕਕਾਰ ਦਾ ਸਭ ਤੋਂ ਵੱਡਾ ਉਸਤਾਦ ਸਿਫ ਹੁੰਦਾ ਹੈ ਅਤੇ ਰੰਗਸ਼ਾਲਾ ਵਿਚ ਬੈਠੇ ਦਰਸ਼ਕ ਉਸ ਦੇ ਸਹੀ ਆਲੋਚਕ ਹੁੰਦੇ ਹਨ।"
>
> (ਪੰਜਾਬੀ ਨਾਟ- ਆਲੋਚਨਾ ਭੂਪਾਲ ਰਾਮ, ਪੰਨਾ ਨੰ. ੨੦)

ਨੰਦਾ ਦੇ ਵਾਂਗ ਹੀ ਹਰਚਰਨ ਸਿੰਘ ਨੇ ਵੀ ਤਤਕਾਲੀਨ ਸਮਾਜ ਦੀ ਹਰ ਸਮੱਸਿਆ ਨੂੰ ਆਪਣੇ ਨਾਟਕਾਂ ਦਾ ਵਿਸ਼ਾ ਬਣਾਇਆ ਹੈ। ਉਸਦੇ ਨਾਟਕ ਪੇਂਡੂ ਤੇ ਸ਼ਹਿਰੀ ਦੋਹਾਂ ਜੀਵਨਾਂ ਨਾਲ ਸੰਬੰਧਿਤ ਹਨ। 'ਦੂਰ ਦੁਰਾਡੇ ਸ਼ਹਿਰੋਂ' ਨਾਟਕ ਵਿਚ ਉਸਨੇ ਪਿੰਡਾਂ ਦੇ ਸੁਧਾਰ ਤੇ ਵਿਦਿਆ ਦੇ ਪ੍ਰਚਾਰ ਨੂੰ ਵਿਸ਼ਾ ਬਣਾਇਆ ਹੈ। ਅਣਜੋੜ ਵਿਆਹ ਤੇ ਰੋਗ ਵੀ ਉਸਦੇ ਸੁਧਾਰਕ ਨਾਟਕ ਹਨ। ਇਨ੍ਹਾਂ ਵਿਚ ਉਸਨੇ ਵਿਆਹ ਦੀਆਂ ਸਮੱਸਿਆਵਾਂ, ਅਨਪੜ੍ਹਤਾ ਤੇ ਵਿਦਿਆ ਤੋਂ ਪੈਦਾ ਹੋਏ ਤਨਾਉ ਨੂੰ ਪੇਸ਼ ਕੀਤਾ ਹੈ। 'ਕਮਲਾ ਕੁਮਾਰੀ' ਵਿਚ ਉਸਨੇ ਮੱਧਕਾਲ ਦੀ ਪ੍ਰੀਤ-ਕਥਾ ਨੂੰ ਰਵਾਇਤੀ ਤਰੀਕੇ ਨਾਲ ਪੇਸ਼ ਕੀਤਾ ਹੈ। 'ਰਾਜਾ ਪੋਰਸ' ਵਿਚ ਉਸਨੇ ਕੌਮੀ ਦੁਖਾਂਤ ਨੂੰ ਪੇਸ਼ ਕੀਤਾ ਹੈ। 'ਪੂਰਨਿਆਂ ਦਾ ਚਾਨਣ' ਵਿਚ ਉਸਨੇ ਗੁਰੂ ਨਾਨਕ ਦੇ ਜਨਮ ਸਮੇਂ ਦੀ ਹਾਲਤ ਚਿਤਰੀ ਹੈ। ਇਹ ਸਾਰੇ ਨਾਟਕ ਰੰਗਮੰਚ ਦੇ ਪੱਖ ਤੋਂ ਮੰਚਨਯੋਗ ਹਨ।

ਹਰਚਰਨ ਸਿੰਘ ਦੀ ਵਿਸ਼ੇਸ਼ ਪ੍ਰਾਪਤੀ ਇਸਤਰੀ ਜਾਤੀ ਦੀ ਸੰਕਟਸ਼ੀਲ ਸਥਿਤੀ ਨੂੰ ਆਪਣੇ ਅੱਧ ਤੋਂ ਵੱਧ ਨਾਟਕਾਂ ਵਿਚ ਵਿਸ਼ੇ ਵਸਤੂ ਦੇ ਤੌਰ ਤੇ ਪੇਸ਼ ਕਰਨਾ ਹੈ। ਉਸਨੇ ਇਸਤਰੀ ਜਾਤੀ ਨੂੰ ਨਾਟਕਾਂ ਰਾਹੀਂ ਆਪਣੇ ਪੈਰਾਂ ਤੇ ਖੜੇ ਹੋਣ ਦੀ ਪ੍ਰੇਰਨਾ ਦਿੱਤੀ ਹੈ। ਉਹ ਯਥਾਰਥਵਾਦੀ ਦ੍ਰਿਸ਼ਟੀ ਨਾਲ ਆਪਣੇ ਨਾਟਕ ਵਿਚਲੀਆਂ ਸਮਾਜਿਕ ਸਮੱਸਿਆਵਾਂ ਨੂੰ ਪੇਸ਼ ਕਰਦਾ ਹੈ।

ਡਾ. ਨਵਨਿੰਦਰਾ ਬਹਿਲ ਅਨੁਸਾਰ

> "ਯਥਾਰਥਵਾਦ ਦੀ ਜਿਸ ਧਾਰਨਾ ਨੂੰ ਤੱਤਕਾਲੀਨ ਸਮਾਜਕ ਸਥਿਤੀ ਦੇ ਸੰਦਰਭ ਵਿਚ ਆਈ. ਸੀ. ਨੰਦਾ ਨੇ ਇਕ ਚੇਤੰਨ ਪ੍ਰਵਿਰਤੀ ਦੇ ਰੂਪ

ਵਿਚ ਅਪਣਾਇਆ, ਹਰਚਰਨ ਸਿੰਘ ਨੇ ਇਸ ਦੇ ਆਧਾਰ ਤੇ ਪੰਜਾਬੀ ਨਾਟਕ ਦੇ ਨਕਸ਼ ਉਸਾਰਣ ਦਾ ਜਤਨ ਕੀਤਾ।"

(ਨਾਟਕੀ ਸਾਹਿਤ, ਪੰਨਾ ਨੰ. 181)

ਹਰਚਰਨ ਸਿੰਘ ਆਪਣੇ ਨਾਟਕਾਂ ਦੀ ਬਣਤਰ ਵਲ ਉਚੇਚਾ ਧਿਆਨ ਦਿੰਦਾ ਹੈ/ਤੇ ਇਸ ਨੂੰ ਨਿਪੁੰਨ ਬਣਾਉਣ ਲਈ ਹਰ ਸੰਭਵ ਜਤਨ ਕਰਦਾ ਹੈ। ਪਾਤਰ ਉਸਾਰੀ ਨਾਲੋਂ ਵੀ ਵੱਧ ਉਹ ਨਾਟਕੀ ਗੋਂਦ ਵਲ ਧਿਆਨ ਦਿੰਦਾ ਹੈ ਅਤੇ ਕੋਈ ਵੀ ਤੰਦ ਢਿਲੀ ਨਹੀਂ ਰਹਿਣ ਦਿੰਦਾ। ਸਧਾਰਣ ਵਾਕ, ਸੰਜਮ ਭਰਪੂਰ ਵਾਰਤਾਲਾਪ, ਲਟਕਾ ਤੇ ਨਾਟਕੀ ਮੌਕਿਆਂ ਨਾਲ ਉਹ ਆਪਣੇ ਨਾਟਕਾਂ ਨੂੰ ਰੌਚਕ ਬਣਾ ਲੈਂਦਾ ਹੈ। ਇਹੋ ਉਸਦੀ ਕਾਮਯਾਬੀ ਹੈ!

<u>ਪ੍ਰਿੰ. ਸੰਤ ਸਿੰਘ ਸੇਖੋਂ (1908-1997)</u> ਨਾਲ ਪੰਜਾਬੀ ਸਾਹਿਤ ਵਿਚ ਇਕ ਉਚੇਰੀ ਬੌਧਿਕ ਪੱਧਰ ਦੇ ਨਾਟਕਾਂ ਦਾ ਆਰੰਭ ਹੋਇਆ ਹੈ! ਸੇਖੋਂ ਨੇ ਕਲਾਕਾਰ, ਵਾਰਸ, ਨਾਰਕੀ, ਭੂ ਦਾਨ, ਮਿਸਾਲਾਂ ਦੀ ਨੱਢੀ, ਮੋਇਆਂ ਸਾਰ ਨਾ ਕਾਈ, ਮਿੱਤਰ ਪਿਆਰਾ ਆਦਿਕ ਪੂਰੇ ਨਾਟਕ ਲਿਖੇ। ਸੇਖੋਂ ਨੇ ਰੰਗਮੰਚ ਲਈ ਵਿਚਾਰ ਪ੍ਰਧਾਨ ਨਾਟਕਾਂ ਦੀ ਰਚਨਾ ਕੀਤੀ ਹੈ ਪ੍ਰੰਤੂ ਉਸਦੇ ਨਾਟਕਾਂ ਨੂੰ ਰੰਗਮੰਚ ਰਾਸ ਨਹੀਂ ਆਇਆ!

<u>ਬਲਵੰਤ ਗਾਰਗੀ ਦਾ ਕਥਨ ਹੈ,</u>

“ਸੇਖੋਂ ਨੇ ਰੰਗਮੰਚ ਉਤੇ ਆ ਕੇ ਨਾਟਕ ਨਹੀਂ ਲਿਖੇ ਸਗੋਂ ਇਕ ਖਿਆਲੀ ਰੰਗ-ਮੰਚ ਨੂੰ ਸਾਹਮਣੇ ਰੱਖ ਕੇ ਨਾਟਕ ਲਿਖੇ ਹਨ।”

(ਪੰਜਾਬੀ ਨਾਟ ਆਲੋਚਨਾ, ਭੂਪਾਲ ਦਾਸ / 81)

ਉਸ ਨੂੰ ਪੇਂਡੂ ਅਤੇ ਸ਼ਹਿਰੀ ਦੋਹਾਂ ਤਰ੍ਹਾਂ ਦੇ ਜੀਵਨ ਦਾ ਤਜਰਬਾ ਹੋਣ ਕਰਕੇ, ਉਹ ਸਾਡੇ ਜੀਵਨ ਦੀਆਂ ਆਰਥਕ, ਸਮਾਜਕ ਤੇ ਰਾਜਸੀ ਸਮੱਸਿਆਵਾਂ ਨੂੰ ਆਪਣੇ ਨਾਟਕਾਂ ਵਿਚ ਲਿਆ ਕੇ, ਉਨਾਂ ਦੇ ਹਲ ਲਈ ਲੋੜਾ ਸੁਝਾਓ ਵੀ ਦਿੰਦਾ ਹੈ। ਸੰਤ ਸਿੰਘ ਸੇਖੋਂ ਇਕ ਯਥਾਰਥਵਾਦੀ ਨਾਟਕਕਾਰ ਹੋ ਨਿਬੜਦਾ ਹੈ।

## ਪ੍ਰੋ. ਕਿਰਪਾਲ ਸਿੰਘ ਕਸੇਲ ਅਨੁਸਾਰ,

"ਸੰਤ ਸਿੰਘ ਸੇਖੋਂ ਡੂੰਘੇ ਨਿੱਜੀ ਅਨੁਭਵ ਤੇ ਵਿਸ਼ਾਲ ਅਧਿਐਨ ਵਾਲਾ ਲੇਖਕ ਹੈ ਜਿਸਨੂੰ ਪੱਛਮੀ ਤੇ ਭਾਰਤੀ ਸਾਹਿਤਕ ਪਰੰਪਰਾਵਾਂ ਦਾ ਪੂਰਨ ਭਾਂਤ ਗਿਆਨ ਹਾਂ ਤੇ ਮਾਰਕਸਵਾਦੀ ਵਿਚਾਰਧਾਰਾ ਅਪਣਾਉਣ ਕਰਕੇ, ਉਸ ਦੀ ਪਹੁੰਚ ਸਮਾਜਵਾਦੀ ਯਥਾਰਥਵਾਦ ਵਾਲੀ ਹੈ।"
(ਪੰਜਾਬੀ ਸਾਹਿਤ ਦਾ ਇਤਿਹਾਸ : ਭਾਗ ਦੂਜਾ / 418)

ਸੇ ਸੇਖੋਂ ਦੇ ਨਾਟਕ ਬੌਧਿਕਤਾ ਭਰਪੂਰ ਹਨ, ਜਿਸ ਕਾਰਨ ਇਹ ਲੋਕ ਪ੍ਰਿਯ ਨਾ ਹੋ ਸਕੇ। ਉਸਨੇ ਪ੍ਰਤੀਕਵਾਦੀ, ਪ੍ਰਗਤੀਵਾਦੀ ਨਾਟਕਾਂ ਦੀ ਰਚਨਾ ਕੀਤੀ। ਉਸਨੇ ਇਸਤਰੀ ਪੁਰਸ਼ ਦੇ ਸੰਬੰਧਾਂ ਨੂੰ ਬਦਲਦੀਆਂ ਹੋਈਆਂ ਪੂੰਜੀਵਾਦੀ ਕੀਮਤਾਂ ਦੇ ਪ੍ਰਕਰਣ ਵਿਚ ਰੱਖ ਕੇ ਨਵੇਂ ਰੂਪ ਵਿਚ ਪੇਸ਼ ਕੀਤਾ। ਕਿਤੇ-ਕਿਤੇ ਤੇਜ਼ ਤਰਾਰ, ਚੁਸਤ ਵਾਰਤਾਲਾਪ ਰਾਹੀਂ ਨਾਟਕ ਵਿਚਲੇ ਕਾਰਜ ਦੀ ਕਮੀ ਨੂੰ ਪੂਰਾ ਕਰਦਾ ਹੈ। ਸੇਖੋਂ ਦੇ ਨਾਟਕਾਂ ਦੀ ਰੰਗਮੰਚ ਨਾਲ ਕੋਈ ਸਾਂਝ ਸਥਾਪਤ ਨਾ ਹੋ ਸਕੀ। ਸੇ ਸੇਖੋਂ ਦੇ ਨਾਟਕ ਆਪਣੇ ਬੌਧੀ ਪ੍ਰਧਾਨ ਤੱਤ, ਮੌਲਿਕ ਵਿਸ਼ੇ-ਵਸਤੂ ਦੇ ਨਿਵੇਕਲੇ ਰੂਪ-ਵਿਧਾਨ ਕਰਕੇ ਸਦਾ ਯਾਦ ਰਹਿਣਗੇ।

'ਬਲਵੰਤ ਗਾਰਗੀ' ਸਮਾਂਦਰੂ ਨਾਟਕੀ ਰੁਚੀਆਂ ਦਾ ਮਾਲਕ ਹੈ। ਆਪਣੇ ਪਹਿਲੇ ਨਾਟਕ 'ਲੋਹਾ ਕੁਟ' (1944) ਨਾਲ ਹੀ ਇਹ ਪੰਜਾਬੀ ਨਾਟਕਕਾਰਾਂ ਦੀ ਪਹਿਲੀ ਕਤਾਰ ਵਿਚ ਆਇੰਦਾ ਹੈ। ਇਸ ਨਾਟਕ ਦਾ ਮਹੱਤਵ ਕੇਵਲ ਇਸ ਵਿਚ ਨਹੀਂ ਕਿ ਇਕ ਮਾਂ ਆਪਣੀ ਧੀ ਦੇ ਚੁੱਕੇ ਕਦਮਾਂ ਉਪਰ ਚੱਲ ਕੇ ਜ਼ਿੰਦਗੀ ਦਾ ਫੈਸਲਾ ਕਰਦੀ ਹੈ, ਬਲਕਿ ਇਸ ਨਾਟਕ ਨਾਲ ਪਹਿਲੀ ਵਾਰ ਗੁਰੇਤ ਪੱਧਰ ਉਤੇ ਮੰਚੀ ਕਾਰਜ ਅਤੇ ਭਾਸ਼ਾ ਦੀ ਸਿਰਜਣਾ ਕੀਤੀ ਹੈ। ਉਸਦੀ ਨਾਟਕ ਕਲਾ ਵਿਚ ਯਥਾਰਥਵਾਦੀ, ਰੁਮਾਂਸਵਾਦ, ਪ੍ਰਤੀਕਵਾਦ, ਪ੍ਰਗਤੀਵਾਦ ਆਦਿ ਰੁਚੀਆਂ ਸ਼ਾਮਿਲ ਹਨ।

1947 ਈ. ਤੋਂ ਪਹਿਲਾਂ ਦੇ ਹੋਰ ਨਾਟਕਾਂ ਵਿਚ 'ਕਰਤਾਰ ਸਿੰਘ ਦੁੱਗਲ' ਦੇ ਦੋ ਇਕਾਂਗੀ ਸੰਗ੍ਰਹਿ 'ਇਕ ਸਿਫ਼ਰ ਸਿਫ਼ਰ' ਅਤੇ 'ਔਹ ਗਏ ਸਾਜਨ ਔਹ ਗਏ' ਲਿਖੇ। ਇਕ ਸਿਫ਼ਰ ਸਿਫ਼ਰ ਵਿਚ ਛੇ ਇਕਾਂਗੀ ਹਨ ਜਿਨ੍ਹਾਂ ਵਿਚੋਂ 'ਇਕ ਸਿਫ਼ਰ ਸਿਫ਼ਰ' ਤੇ 'ਆਤਮ ਘਾਤ' ਦੋ ਵਧੀਆ ਨਾਟਕ ਹਨ। 'ਔਹ ਗਏ

ਸਾਜਨ ਔਹ ਗਏ' ਵਿਚ ਸਾਰੇ ਉਹ ਨਾਟਕ ਹਨ ਜਿਹੜੇ ਕੇਵਲ ਰੇਡੀਓ ਤੋਂ ਪਰਸਾਰ ਕਰਨ ਲਈ ਲਿਖੇ ਗਏ। ਦੁੱਗਲ ਦੀ ਕਲਾ ਦਾ ਝੁੱਮਾ ਜਥਾਰਥਵਾਦੀ ਹੈ। 'ਇਕ ਸਿਫ਼ਰ ਸਿਫ਼ਰ' ਦੇ ਮੁਖ ਬੰਦ ਵਿਚ 'ਫ਼ੈਜ਼ ਅਹਿਮਦ ਫ਼ੈਜ਼' ਨੇ ਲਿਖਿਆ ਹੈ ਕਿ,

"ਦੁੱਗਲ ਦੀ ਲਿਖਤ ਵਿਚ ਤਾਕਤ ਵੀ ਹੈ ਤੇ ਨਜ਼ਾਕਤ ਵੀ ਹੈ।"

ਪਰ ਨਾਟਕਾਂ ਨੂੰ ਪੜ੍ਹਨ ਤੋਂ ਬਾਅਦ ਪਤਾ ਲਗਦਾ ਹੈ ਕਿ ਇਸ ਵਿਚ ਤਾਕਤ ਕਿਤੇ ਕਿਤੇ ਹੀ ਹੈ, ਪਰ ਨਜ਼ਾਕਤ ਹਰ ਥਾਂ ਹੈ। ਜਿਥੇ ਇਹ ਦੋਵੇਂ ਗੁਣ ਮਿਲ ਜਾਂਦੇ ਹਨ ਉਥੇ ਉਹ ਇਕ ਵਧੀਆ ਨਾਟਕਕਾਰ ਬਣ ਜਾਂਦਾ ਹੈ।

'ਗੁਰਦਿਆਲ ਸਿੰਘ ਫੁੱਲ' ਨੇ 1947 ਤੋਂ ਪਹਿਲਾਂ ਕੁਝ ਕੁ ਸਫਲ ਨਾਟਕ ਲਿਖੇ ਹਨ ਜਿਨ੍ਹਾਂ ਵਿਚੋਂ ਖਾਸ ਤੌਰ ਤੇ 'ਕਾਲਜੀਏਟ', 'ਕੌਡੀ,' 'ਮਾਸੀ' ਤੇ 'ਭੁੱਖ' ਵਰਣਨ ਜੋਗ ਹਨ। ਫੁੱਲ ਦੇ ਨਾਟਕਾਂ ਵਿਚ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਖਿਆਲੀਆਂ ਗਈਆਂ ਹੁੰਦੀਆਂ ਹਨ ਪਰ ਮੁੱਖ ਸਮੱ-ਸਿਆ ਵਿਆਹ ਆਦਿ ਦੀ ਹੀ ਹੁੰਦੀ ਹੈ। ਫੁੱਲ ਪਾਤਰਾਂ ਦੇ ਸੁਭਾਵਾਂ ਨੂੰ ਚਿਤਰਨ ਲੱਗਿਆ ਕੁਝ ਦਿਲਚਸਪ ਢੰਗਾਂ ਨਾਲ ਕੇ ਪਾਤਰ ਚਿਤ੍ਰਣ ਸੌਖਾ ਕਰਦਾ ਹੈ।

'ਗੁਰਦਿਆਲ ਸਿੰਘ ਖੋਸਲਾ' ਦਾ ਇਕ ਨਾਟਕ 'ਬੂਹੇ ਬੈਠੀ ਧੀ' (1944) ਵਿਚ ਛਪਿਆ। ਇਹ ਮੱਧ ਵਰਗੀ ਦਾ ਲੇਖਕ ਹੈ ਤੇ ਉਨ੍ਹਾਂ ਦੇ ਵਿਚਾਰਾਂ, ਰੁਚੀਆਂ ਤੇ ਵਿਵਹਾਰਾਂ ਦੀ ਆਲੋਚਨਾ ਕਰਦਾ ਹੈ ਤੇ ਉਸ ਉਤੇ ਵਿਅੰਗ ਲਾਉਂਦਾ ਹੈ। ਸਤਹੀ ਪੱਧਰ ਤੇ ਇਹ ਨਾਟਕ ਵਿਆਹ ਦੀ ਸਮੱਸਿਆ ਉਪਰ ਕੇਂਦਰਿਤ ਪ੍ਰਤੀਤ ਹੁੰਦਾ ਹੈ। ਇਸ ਨਾਟਕ ਦਾ ਕੇਂਦਰੀ ਧੁਰਾ ਨਵੇਂ ਕਾਇਮ ਹੋ ਰਹੇ ਸਮਾਜਕ ਮੁੱਲਾਂ ਅਤੇ ਪੁਰਾਣੇ ਸਥਾਪਿਤ ਸਮਾਜਕ ਮੁੱਲਾਂ ਦੀ ਆਪਸੀ ਖਿਚੋਤਾਣ ਵਿਚੋਂ ਪੈਦਾ ਹੋਈ ਉਲਾਰ ਮਾਨਸਿਕਤਾ ਕਾਰਨ ਪੈਦਾ ਹੋਣ ਵਾਲੀ ਦੁਖਾਂਤਕ ਸਥਿਤੀਆਂ ਦਾ ਬੋਧ ਹੈ।

ਸੋ ਇਸ ਪੜਾਅ ਦੀ ਵਿਸ਼ੇਸ਼ਤਾ ਇਹ ਹੈ ਕਿ ਪੰਜਾਬੀ ਨਾਟਕ ਆਧੁਨਿਕ ਯਥਾਰਥ ਦੇ ਬੋਧ ਨੂੰ ਪ੍ਰਸਤੁਤ ਕਰਦਾ ਹੈ ਅਤੇ ਮਿਥਿਹਾਸ ਦਾ ਨਵੀਨ ਸੰਦਰਭ ਪੇਸ਼ ਕਰਦਾ ਹੈ। ਇਹ ਪੜਾਅ ਸਮਾਜਿਕ ਚੇਤਨਾ, ਮਨੋਵਿਗਿਆਨਿਕ ਚੇਤਨਾ ਅਤੇ ਰਾਜਸੀ ਚੇਤਨਾ ਦੀ ਝਲਕ ਵੀ ਪੇਸ਼ ਕਰਦਾ ਹੈ।

3. ਤੀਜਾ ਦੌਰ (1947 ਤੋਂ 1975 ਤੱਕ): ਪੰਜਾਬੀ ਨਾਟਕ ਦੇ ਇਤਿਹਾਸ ਵਿਚਲਾ ਇਹ ਦੌਰ ਪੰਜਾਬੀ ਨਾਟਕ ਦੇ ਵਿਕਾਸ ਦੇ ਬਹੁਮੁਖੀ ਪਾਸਾਰਾਂ ਨਾਲ ਸੰਬੰਧਿਤ ਹੈ। 1947 ਤੱਕ ਪਹੁੰਚਦਿਆਂ ਨਾਟਕ ਦੀ ਰਵਾਇਤੀ ਧਾਰਾ ਲਗਭਗ ਲੋਪ ਹੋ ਚੁਕੀ ਸੀ ਅਤੇ ਇਸ ਦੌਰ ਵਿਚ ਸਮਾਜਵਾਦੀ, ਇਤਿਹਾਸਕ, ਯਥਾਰਥਵਾਦੀ, ਪ੍ਰਯੋਗਵਾਦੀ ਅਤੇ ਆਦਿ ਨਾਟ ਸ਼ੈਲੀ ਵਾਲੇ ਨਾਟਕ ਲਿਖੇ ਜਾਣੇ ਸ਼ੁਰੂ ਹੋ ਗਏ। ਇਨ੍ਹਾਂ ਤਬਦੀਲੀਆਂ ਦਾ ਪ੍ਰਭਾਵ ਨਾਟਕਕਾਰਾਂ ਨੇ ਕਬੂਲਿਆ ਵੀ ਅਤੇ ਆਪਣੀ ਨਾਟਕ ਰਚਨਾਵਾਂ ਰਾਹੀਂ ਪੇਸ਼ ਵੀ ਕੀਤਾ।

ਡਾ. ਸਤੀਸ਼ ਕੁਮਾਰ ਵਰਮਾ ਅਨੁਸਾਰ,

> "ਇਹ ਦੌਰ ਨਵੇਂ ਸੁਪਨਿਆਂ, ਨਵੀਆਂ ਚੁਣੌਤੀਆਂ ਤੇ ਨਵੇਂ ਸੰਸਕਾਰਾਂ ਦਾ ਦੌਰ ਹੈ ਕਿਉਂਕਿ ਇਹੀ ਸਮਾਂ ਹੈ ਜਦੋਂ ਕੌਮੀ ਆਜ਼ਾਦੀ ਦਾ ਸੰਘਰਸ਼ ਇਕ ਸਿਖਰ ਛੋਹਿੰਦਾ ਹੈ ਤੇ ਦੇਸ਼ ਗੁਲਾਮੀ ਦੇ ਜੂਲੇ ਵਿਚੋਂ ਨਿਕਲਦਾ ਹੈ।"
>
> (ਪੰਜਾਬੀ ਨਾਟਕ ਦਾ ਇਤਿਹਾਸ, ਪੰਨਾ ਨੰ. 70)

ਇਸ ਸਮੇਂ ਗੁਰਦਿਆਲ ਸਿੰਘ ਫੁੱਲ ਨੇ ਪੰਜਾਬੀ ਥੀਏਟਰ ਸਥਾਪਿਤ ਕੀਤਾ, ਹਰਚਰਨ ਸਿੰਘ ਨੇ 'ਪੰਜਾਬ ਆਰਟ ਥੀਏਟਰ' ਸੁਰਜੀਤ ਕੀਤਾ। ਇਸੇ ਤਰ੍ਹਾਂ ਕਪੂਰ ਸਿੰਘ ਘੁੰਮਣ ਨੇ 'ਰੂਪਕ ਕਲਾ ਸੰਗਮ' ਸਥਾਪਿਤ ਕੀਤਾ। ਗਾਰਗੀ ਅਤੇ ਸ਼ੀਲਾ ਭਾਟੀਆ ਜਿਹੇ ਵੀ ਸਥਾਨ ਮਹਿ- ਕਰਮੀ ਦਿੱਲੀ ਆਰਟ ਥੀਏਟਰ ਨਾਲ ਜੁੜੇ। ਇਸ ਤਰ੍ਹਾਂ 1947 ਤੋਂ ਆਜ਼ਾਦੀ ਮਿਲਣ ਉਪਰੰਤ ਪੰਜਾਬੀ ਨਾਟਕ ਫਿਰ ਪੈਰ ਤੇ ਖੜਾ ਹੋ ਨਵੇਂ ਹੋਇਆ ਸਗੋਂ ਨਵੀਆਂ ਸੰਭਾਵਨਾਵਾਂ ਸਥਾਪਿਤ ਕਰਦਾ ਰਿਹਾ।

ਇਸ ਦੌਰ ਵਿਚ ਪੰਜਾਬੀ ਨਾਟਕ ਦੋ ਪੱਖਾਂ ਤੋਂ ਇਤਿਹਾਸ ਸਿਰਜਦਾ ਹੈ। ਪਹਿਲਾ ਪੱਖ ਵਸਤੂ ਵਿਸਤਾਰ ਦਾ ਹੈ ਅਤੇ ਦੂਜਾ ਵਿਧਿਗਤ ਸੰਚਾਰ ਦਾ ਭਾਵ ਵੱਖ- ਵੱਖ ਨਾਟ-ਸ਼ੈਲੀਆਂ ਦੇ ਵਿਕਾਸ ਦਾ। ਵਸਤੂ ਵਿਸਤਾਰ ਦੀ ਦ੍ਰਿਸ਼ਟੀ ਤੋਂ ਵੀ ਦੋ ਧਾਰਾਵਾਂ ਨਜ਼ਰ ਆਉਂਦੀਆਂ ਹਨ, ਪਹਿਲੀ ਧਾਰਾ ਸਮਾਜਿਕ ਸਮੱਸਿਆਵਾਂ ਨੂੰ ਮੁਖ ਰੂਪ ਵਿਚ ਸਾਹਮਣੇ ਰੱਖ ਕੇ ਤੁਰਨ ਵਾਲੇ ਨਾਟਕਕਾਰਾਂ ਦੀ ਹੈ। ਜਿਨ੍ਹਾਂ ਬਾਰੇ ਚਰਚਾ ਇਸ ਪ੍ਰਕਾਰ ਹੈ:-

'ਈਸ਼ਵਰ ਚੰਦਰ ਨੰਦਾ' ਦਾ ਇਸ ਕਾਲ ਵਿਚ 'ਸੋਸ਼ਲ ਸਰਕਲ,' ਪੂਰਾ ਨਾਟਕ 'ਛਲਕਾਰੇ', ਲਿਸ਼ਕਾਰੇ ਨਾਂ ਦਾ ਇਕਾਂਗੀ ਸੰਗ੍ਰਹਿ ਪ੍ਰਕਾਸ਼ਿਤ ਹੋਇਆ ਹੈ। ਇਸ ਵਿਚ ਉਸ ਦੀ ਕਲਾ ਦਾ ਪ੍ਰਗਾੜ੍ਹ ਨਿਸ਼ਚਿਤ ਪੈਟਰਨ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਸ੍ਰੀਮਤੀ ਨੋਰਾ ਰਿਚਰਡ ਦੇ ਆਇਰਿਸ਼ ਨਾਟਕਾਂ ਦੇ ਪ੍ਰਭਾਵਾਂ ਫਲਸਰੂਪ ਨੰਦਾ ਦੀ ਨਾਟਕ ਕਲਾ ਯਥਾਰਥਵਾਦੀ ਨਾਟਕ ਦੇ ਅੰਤਰਗਤ ਹੀ ਉਭਰੀ ਤੇ ਵਿਕਸਿਤ ਹੋਈ। ਉਸਨੇ ਸਮਕਾਲੀ ਸਮਾਜ ਦੇ ਜੀਵਨ ਪ੍ਰਵਾਹ ਵਿਚੋਂ ਆਪਣੇ ਯਥਾਰਥਵਾਦੀ ਵਿਸ਼ਿਆਂ ਦੀ ਚੋਣ ਕੀਤੀ ਅਤੇ ਇਨ੍ਹਾਂ ਨੂੰ ਬਲਵਾਨ ਯਥਾਰਥਵਾਦੀ ਪਾਤਰਾਂ ਤੇ ਢੁੱਕਵੀਂ ਨਾਟਕੀ ਵਾਰਤਾਲਾਪ ਦੁਆਰਾ ਸਮਾਜ ਦੇ ਸੁਧਾਰ ਦੇ ਆਸ਼ੇ ਨਾਲ-ਨਾਲ ਆਪਣੇ ਦਰਸ਼ਕਾਂ ਦੇ ਮਨੋਰੰਜਨ ਨੂੰ ਪ੍ਰਮੁੱਖਤਾ ਦਿੱਤੀ ਹੈ।

'ਹਰਚਰਨ ਸਿੰਘ' ਨੇ ਇਸ ਦੌਰ ਵਿਚ ਤੇਰਾ ਘਰ ਸੋ ਮੇਰਾ ਘਰ, ਪੁੰਨਿਆ ਦਾ ਚੰਨ, ਰੱਤਾ ਸਾਲੂ, ਸੋਭਾ ਸ਼ਕਤੀ, ਕੰਚਨ ਮਾਟੀ, ਮਿੱਟੀ ਧੂੜ ਜ਼ਰਾ ਚਾਨਣ ਹੋਇਆ (1969), ਅੱਜ ਕੱਲ੍ਹ ਤੇ ਭਲਕ (1972), ਇਤਿਹਾਸ ਜਵਾਬ ਮੰਗਦਾ ਹੈ (1968) ਆਦਿ ਦੀ ਰਚਨਾ ਕੀਤੀ ਹੈ। ਇਹਨਾਂ ਨਾਟਕਾਂ ਵਿਚੋਂ ਕੁਝ ਨਾਟਕ ਇਤਿਹਾਸਿਕ ਤੇ ਸਮਕਾਲੀ ਘਟਨਾਵਾਂ ਨਾਲ ਸੰਬੰਧਿਤ ਹਨ, ਕਈਆਂ ਦਾ ਆਸ਼ਾ ਸੁਧਾਰਵਾਦੀ ਹੈ ਅਤੇ ਕਈ ਸਮਕਾਲੀ ਇਤਿਹਾਸ ਦਾ ਸੰਜੀਵ ਚਿੱਤਰ ਪੇਸ਼ ਕਰਦੇ ਹਨ। ਇਹ ਨਾਟਕ ਰੰਗਮੰਚ ਦੇ ਪੱਖੋਂ ਵੀ ਸਫ਼ਲ ਨਾਟਕ ਹਨ।

'ਗੁਰਦਿਆਲ ਸਿੰਘ ਖੋਸਲਾ' ਨੇ ਵੀ ਇਸ ਦੌਰ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ। ਉਸ ਨੇ ਬੂਹੇ ਬੈਠੀ ਧੀ, ਸਰ ਮਿਟਦੇ ਵਾਲੇ (1950), 'ਪਰਲੋਂ ਤੋਂ ਪਹਿਲਾ' ਪੂਰੇ ਨਾਟਕ ਅਤੇ ਬੰਦਘਰ ਤੇ ਹੋਰ ਇਕਾਂਗੀ, (1950), ਸਤਾਰ੍ਹਵਾਂ ਪਤੀ ਤੇ ਹੋਰ ਇਕਾਂਗੀ 1956) ਆਦਿ ਦੀ ਰਚਨਾ ਕੀਤੀ। 'ਪਰਲੋਂ ਤੋਂ ਪਹਿਲਾ' ਉਸ ਦਾ ਨਵਾਂ ਪੂਰਾ ਨਾਟਕ ਹੈ ਜਿਸ ਵਿਚ ਵੱਧ ਰਹੀ ਜਨਸੰਖਿਆ ਉਤੇ ਹੀ ਵਿਅੰਗ ਹੈ। ਲੇਖਕ ਦਾ ਵਿਚਾਰ ਹੈ ਕਿ ਪਰਲੋ ਨੇੜੇ ਆ ਰਹੀ ਹੈ ਕਿਉਂਕਿ ਸਾਡੀ ਵੱਸੋਂ ਤੇਜ਼ੀ ਨਾਲ ਵਧ ਰਹੀ ਹੈ।

'ਗੁਰਦਿਆਲ ਸਿੰਘ ਖੋਸਲਾ' 1940 ਦੇ ਦਹਾਕੇ ਤੋਂ ਹੀ ਪੰਜਾਬੀ ਰੰਗਮੰਚ ਨਾਲ ਜੁੜਿਆ ਹੋਇਆ ਸੀ। ਖੋਸਲਾ ਦੇ ਨਾਟਕ ਵਿਸ਼ੇ ਪੱਖੋਂ ਕਈ ਨਵੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਨ ਵਾਲੇ ਹਨ। ਚੁਸਤ ਵਾਰਤਾਲਾਪ ਤੇ ਬੌਧਿਕ ਕਟਾਖ ਤੇ ਵਿਅੰਗ ਉਸ ਦੇ ਨਾਟਕਾਂ ਦੀਆਂ ਵਿਸ਼ੇਸ਼ਤਾਵਾਂ ਹਨ।

ਗੁਰਦਿਆਲ ਸਿੰਘ ਫੁੱਲ ਭਾਵੇਂ 1947 ਤੋਂ ਪਹਿਲਾਂ ਵੀ ਲਿਖਦਾ ਸੀ, ਪਰ ਉਸ ਦੀ ਕਲਾ ਨੇ ਪਰੌੜ੍ਹ ਰੂਪ ਇਸ ਦੌਰ ਵਿਚ ਹੀ ਧਾਰਨ ਕੀਤਾ ਹੈ। ਉਸ ਦੇ ਨਾਟਕਾਂ ਵਿਚਲੇ ਵਿਸ਼ੇ ਵਸਤੂ ਤੇ ਅਨੁਭਵ ਦੀ ਮੌਲਿਕਤਾ ਤੇ ਵਿਵਿਧਤਾ ਅਤੇ ਨਾਟਕਾਂ ਦੇ ਰੂਪ ਵਿਧਾਨ ਵਿਚ ਕੀਤੇ ਗਏ ਅਨੇਕ ਨਵੇਂ ਪ੍ਰਯੋਗ, ਉਸ ਨੂੰ ਨਵੀਨ ਨਾਟਕਕਾਰਾਂ ਵਿਚ ਲਿਆ ਖੜ੍ਹਾ ਕਰਦੇ ਹਨ। ਉਸ ਨੇ ਸਾਥੀ (1949), ਕਾਲਜੀਏਟ (1949), ਆਸ਼ਕੀ ਦੀ ਅਕਲ (1957), ਕਲਾ ਤੇ ਜ਼ਿੰਦਗੀ (1955), ਅਜ ਕਲ੍ਹ (1954) ਉਜੜ ਮੱਠ ਰਹੀ (1959), ਕਲਜੁਗ ਰਥ ਅਗਨਿ ਕਾ (1960), ਕੰਧਾਂ ਪੋਲਰ (1960), ਧਰਤੀ ਦੀ ਆਵਾਜ਼ (1961), ਨਵਾ ਜਨਮ ਪਰਖੀ ਮੌਤ (1964), ਲਾਜਿਆ (1964), ਕੂੜ ਬਜ਼ਾਰ (1965), ਸਿਖਰ ਦੁਪਹਿਰੇ ਰਾਤ (1967), ਨਾਨਕ ਨਾਮ ਜਹਾਜ਼ ਹੈ (1969), ਅਸੀਂ ਦੂਰ ਸਵਾਏ ਹੋਏ (1972), ਰਾਤੀ ਵਾਉ ਨ ਲਗਈ (1973), ਚੜ੍ਹਦਾ ਰੂਪ ਸਵਾਇਆ (1975). ਦੀ ਰਚਨਾ ਕੀਤੀ। ਗੁਰਦਿਆਲ ਸਿੰਘ ਦੀ ਕਲਾ ਦੀ ਵਿਸ਼ੇਸ਼ਤਾ ਬਾਰੇ ਬੋਲਦਿਆਂ, ਪ੍ਰੋ. ਕਿਰਪਾਲ ਸਿੰਘ ਕਸੇਲ, ਡਾ. ਪਰਮਿੰਦਰ ਸਿੰਘ, ਡਾ. ਗੋਬਿੰਦ ਸਿੰਘ ਲਾਂਬਾ ਲਿਖਦੇ ਹਨ,

> "ਫੁੱਲ ਦੀ ਕਲਾ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਆਪਣੇ ਨਿੱਜੀ ਜੀਵਨ ਦੇ ਨਿਕਟ ਵਰਤੀ ਤੇ ਜਾਣੇ ਪਛਾਣੇ ਵਿਸ਼ੇ ਹੀ ਚੁਣਦਾ ਹੈ ਅਤੇ ਲੋੜ ਅਨੁਸਾਰ ਸਹੇ- ਸਾਧਨਾ ਦੁਆਰਾ ਆਪਣੀ ਕਲਾ ਦਾ ਰੂਪ ਵੀ ਉਸੇ ਤਰ੍ਹਾਂ ਢਾਲ ਲੈਂਦਾ ਹੈ।"
>
> (ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪੰਨਾ ਨੰ. 598)

ਇਸ ਦੇ ਨਾਲ ਨਾਲ ਪਹਿਲੀ ਪੀੜ੍ਹੀ ਦੇ ਨਾਟਕਕਾਰਾਂ ਵਿਚੋਂ 'ਸੰਤ ਸਿੰਘ ਸੇਖੋਂ' ਇਤਿਹਾਸਿਕ ਮਿਥਿਹਾਸਿਕ ਸਮੱਸਿਆ ਦੀ ਮਨੋਵਿਗਿਆਨਿਕ ਤੇ ਰਾਜਸੀ ਵਿਆਖਿਆ ਕਰਨ ਦੇ ਜਤਨਾਂ ਅਧੀਨ ਆਪਣੇ ਨਾਟਕਾਂ ਦਾ ਵਸਤੂ ਸੰਚਾਰ ਕਰਦਾ ਹੈ। ਜਿਵੇਂ ਕਲਾਕਾਰ, ਵਾਰਿਸ, ਦਮਯੰਤੀ ਆਦਿ ਨਾਟਕ।

ਦੂਸਰੇ ਪਾਸੇ ਪਹਿਲੀ ਪੀੜ੍ਹੀ ਵਿਚੋਂ 'ਬਲਵੰਤ ਗਾਰਗੀ' ਸਮਾਜਿਕ ਪਿੱਠ ਭੂਮੀ ਵਿਚੋਂ ਮਨੋਵਿਗਿਆਨਿਕ ਸਮੱਸਿਆਵਾਂ ਦੀ ਉਸਾਰੀ ਦੀ ਤਲਾਸ਼ ਕਰਦਾ ਹੈ। ਉਸਦੇ ਪਿਛਲੇ ਦੌਰ ਦੇ 'ਲੋਹਾ ਕੁੱਟ' ਤੋਂ ਬਾਅਦ ਇਸ ਦੌਰ ਵਿਚਲੇ ਮੁੱਢਲੇ ਨਾਟਕ 'ਕੇਸਰੋ', ਨਵਾ ਮੁੱਢ, ਸੈਲ ਪੱਥਰ ਆਦਿ

ਸਮਾਜਿਕ ਪਿੱਠ ਭੂਮੀ ਵਿਚੋਂ ਉਸਰਦੇ ਹਨ ਪਰੰਤੂ ਦੌਰ ਦੇ ਮੱਧ ਵਿਚ ਜਾ ਕੇ ਨਿਰੋਲ ਮਨੋਵਿਸ਼ਲੇਸ਼ਣ ਉਸ ਦੀ ਪ੍ਰਾਥਮਿਕਤਾ ਬਣ ਜਾਂਦਾ ਹੈ। ਇਸ ਦੌਰ ਵਿਚਲੇ 'ਧੂਣੀ ਦੀ ਅੱਗ' ਤੇ 'ਸੁਲਤਾਨ ਰਜ਼ੀਆ' ਨਾਟਕ ਇਸ ਦਾ ਪ੍ਰਮਾਣ ਹਨ। ਜਿਸ ਦਾ ਸਿਖਰ ਅਗਲੇ ਦੌਰ ਵਿਚਲੇ ਸੌਂਕਣ ਤੇ 'ਅਭਿਸਾਰਿਕਾ' ਨਾਲ ਨਜ਼ਰ ਆਉਂਦਾ ਹੈ।

ਇਸ ਦੇ ਨਾਲ ਨਾਲ ਹੀ ਇਸ ਦੌਰ ਦੇ ਮੁੱਢ ਵਿਚ ਉਭਰਦੀ ਦੂਜੀ ਪੀੜ੍ਹੀ ਦੇ ਪ੍ਰਮੁੱਖ ਨਾਟਕਕਾਰ ਸੁਰਜੀਤ ਸਿੰਘ ਸੇਠੀ, ਕਪੂਰ ਸਿੰਘ ਘੁੰਮਣ, ਹਰਸਰਨ ਸਿੰਘ, ਗੁਰਚਰਨ ਸਿੰਘ ਜਸੂਜਾ, ਪਰਿਤੋਸ਼ ਗਾਰਗੀ, ਅਮਰੀਕ ਸਿੰਘ, ਆਦਿ ਨੇ ਮੁਢਲੇ ਰੂਪ ਵਿਚ ਸਮਾਜੀ ਸਮੱਸਿਆਵਾਂ ਅਤੇ ਸੁਰ ਮਨੋਵਿਗਿਆਨਕ ਵਿਸ਼ਲੇਸ਼ਣ ਦਾ ਰਾਹ ਫੜਿਆ।

ਕਪੂਰ ਸਿੰਘ ਘੁੰਮਣ ਨੇ ਨਾਟਕ ਰਚਨਾ ਭਾਵੇਂ ਪਰੰਪਰਾਗਤ ਢੰਗ ਨਾਲ ਸ਼ੁਰੂ ਕੀਤੀ ਸੀ, ਪਰ ਸਹਿਜੇ ਉਸ ਵਿਚਲੀ ਕੁਦਰਤੀ ਨਾਟਕੀ ਸੂਝ ਤੇ ਅੰਤਰਦ੍ਰਿਸ਼ਟੀ ਨਵੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਦੀ ਗਈ ਅਤੇ ਇਉਂ ਪੰਜਾਬੀ ਨਾਟਕ ਵਿਸ਼ੇ ਵਸਤ ਰੂਪ ਤੇ ਮੰਚ ਦੇ ਪੱਖ ਤੋਂ ਨਵੀਆਂ ਸੀਮਾਵਾਂ ਤੇ ਦਿਸ਼ਾਵਾਂ ਵੱਲ ਵੱਧਣ ਲੱਗ ਪਿਆ। ਕਪੂਰ ਸਿੰਘ ਦੇ ਮੁੱਢਲੇ ਨਾਟਕ 'ਜਿਉਂਦੀ ਲਾਸ਼', ਜੋੜੀਆਂ ਜਗ ਥੋੜੀਆਂ (ਬਾਅਦ ਵਿਚ ਬੰਦ ਗਲੀ ਦੇ ਨਾਂ ਨਾਲ ਪ੍ਰਕਾਸ਼ਿਤ) ਆਦਿ ਨਾਟਕਾਂ ਵਿਚ ਸਮਾਜੀ ਮਸਲੇ ਛੂਹੇ ਤੇ ਬਾਅਦ ਵਿਚ ਅਤੀਤ ਦੇ ਪਰਛਾਵੇਂ, ਸੂਕ ਸੰਸਾਰ, ਪੁਤਲੀ ਘਰ ਆਦਿ ਨਾਟਕਾਂ ਰਾਹੀਂ ਮਨੋਵਿਗਿਆਨਿਕ ਤਸਵੀਰਾਂ ਪੇਸ਼ ਕੀਤਾ।

ਕਪੂਰ ਸਿੰਘ ਘੁੰਮਣ ਕੇਵਲ ਨਵੇਂ ਵਿਸ਼ਿਆਂ ਵਾਲੇ ਨਾਟਕਾਂ ਦਾ ਰਚੇਤਾ ਹੀ ਨਹੀਂ ਸੀ; ਸਗੋਂ ਰੰਗ ਮੰਚ ਦਾ ਸੱਚਾ ਪ੍ਰਯੋਗਕਾਰ ਤੇ ਸਫਲ ਨਿਰਦੇਸ਼ਕ ਵੀ ਸੀ ਅਤੇ ਨਵੀਆਂ ਨਾਟਕ ਮੰਡਪ ਦੀ ਸਥਾਪਨਾ ਕਰਨੀ ਉਸ ਦਾ ਆਦਰਸ਼ ਸੀ।

'ਸੁਰਜੀਤ ਸਿੰਘ ਸੇਠੀ' ਵੀ ਪ੍ਰਤਿਭਾਸ਼ੀਲ ਨਾਟਕਕਾਰ ਹੈ, ਜੋ ਜੀਵਨ ਦੇ ਯਥਾਰਥ ਤੇ ਆਧੁਨਿਕ ਚਿੰਤਨ ਦਾ ਸੁੰਦਰ ਸੁਮੇਲ ਰਖਦਾ ਹੈ। ਸੇਠੀ ਦੇ ਮੁੱਢਲੇ ਨਾਟਕ 'ਕਾਦੀ ਗਉਸ', ਕੱਚਾ ਘੜਾ, ਕਾਦਰ ਯਾਰ ਵਿਚ ਸਮਾਜਿਕ ਚਿਤਰਨ ਮੁੱਢਲੇ ਸਥਾਨ ਤੇ ਹੈ ਅਤੇ ਬਾਅਦ ਵਿਚ 'ਮਰਦ ਮਰਦ ਨਹੀਂ, ਤੀਵੀਂ ਤੀਵੀਂ ਨਹੀਂ', ਨੰਗੀ ਸੜਕ ਰਾਤ ਦਾ ਇਕਲਾ, ਭੰਗਆਤਰਿਆ

ਸੱਖਣਾ ਸੱਖਣਾ ਆਦਿ ਨਾਟਕ ਮਨੋਵਿਸ਼ਲੇਸ਼ਣਾਤਮਕ ਦ੍ਰਿਸ਼ਟੀ ਤੋਂ ਆਕਾਰ ਗ੍ਰਹਿਣ ਕਰਦੇ ਹਨ।

'ਪਰਿਤੋਸ਼ ਗਾਰਗੀ' ਵੀ ਪੰਜਾਬੀ ਨਾਟਕਕਾਰਾਂ ਵਿਚ ਵਿਸ਼ੇਸ਼ ਗੌਰਵ ਦਾ ਸਥਾਨ ਰੱਖਦਾ ਹੈ। ਇਸ ਨੇ ਕਈ ਪੂਰੇ ਨਾਟਕ ਜਿਵੇਂ ਪਰਛਾਵੇਂ (1958), ਛਲੇਡਾ (1976), ਵਗਦੇ ਪਾਣੀ, ਤਕਰਸਮਾਰ ਦਾ ਹਨੇਰਾ (1976), ਕੌਂਪਰ ਫੁੱਟੀ ਪਾਣੀ ਵਿਚੋਂ (1968), ਸੁਰ ਛਿਪ ਗਿਆ, ਪਾਤਰ ਤੇ ਪਰਛਾਵੇਂ ਅਤੇ ਦੋ ਇਕਾਂਗੀ ਸੰਗ੍ਰਹਿ ਪ੍ਰਕਾਸ਼ਿਤ ਕੀਤੇ! ਆਪਣੇ ਪੂਰੇ ਨਾਟਕਾਂ ਵਿਚ ਵਿਚ ਉਹ ਸ਼ਹਿਰੀ ਮੱਧ-ਵਰਗ ਦੀਆਂ ਸਮਾਜਿਕ, ਘਰੋਗੀ ਤੇ ਵਿਆਹ ਸੰਬੰਧੀ ਸਮੱਸਿਆਵਾਂ ਨੂੰ ਪ੍ਰਗਟਾਉਂਦਾ ਹੈ ਤੇ ਇਕੋ ਪਰਿਵਾਰ ਵਿਚਲੇ ਰਿਸ਼ਤਿਆਂ ਦੇ ਕਾਰਨ ਪੈਦਾ ਤਣੀਆਂ ਉਲਝਣ ਤੇ ਕੁੜੱਤਣ ਨੂੰ ਦਰਸਾਉਂਦਾ ਹੈ। ਉਹ ਇਕ ਯਥਾਰਥਵਾਦੀ ਨਾਟਕਕਾਰ ਹੈ।

'ਗੁਰਚਰਨ ਸਿੰਘ ਜਸੂਜਾ' ਇਕ ਹੋਰ ਉੱਘਾ ਨਾਟਕਕਾਰ ਹੈ, ਜਿਸਨੇ ਨਾਟਕ ਸਾਹਿਤ ਵਿਚ ਮਾਨਜੋਗ ਥਾਂ ਬਣਾਈ ਹੋਈ ਹੈ। ਇਸ ਨੇ ਅਧਿਕਾਰ (1968), ਆਪ ਬੀਤੀ ਜੱਗ ਬੀਤੀ (1975), ਚਾਰ ਦੀਵਾਰੀ (1964) ਉਜੜਿਆ ਸੌਂਪਣ ਪਰਤ ਸੁਰਾਈ (1969) ਸਹਿਮੁਖਾ ਸੰਗਮਖਾ (1955), ਇਕ ਜੋੜੇ ਦੀ ਤਲਾਸ਼ (1977) ਅਤੇ ਕੰਧਾਂ ਰੇਤ ਦੀਆਂ (1973) ਆਦਿ ਦੀ ਰਚਨਾ ਕੀਤੀ। ਉਹ ਜੀਵਨ ਦੇ ਯਥਾਰਥ ਨੂੰ ਪ੍ਰਯੋਗਵਾਦੀ ਢੰਗ ਨਾਲ ਰੰਗਮੰਚ ਦੇ ਯਥਾਰਥ ਨਾਲ ਇਕਮਿਕ ਕਰਨ ਵਾਲਾ ਸਫਲ ਕਲਾਕਾਰ ਹੈ।

'ਅਮਰੀਕ ਸਿੰਘ' ਦੇ ਨਾਟਕ ਵੀ ਸਮਾਜਿਕ ਅਤੇ ਮਨੋਵਿਗਿਆਨਿਕ ਸਥਿਤੀਆਂ ਨਾਲ ਸੰਬੰਧਿਤ ਹਨ। 'ਰੰਮ ਕਿ ਧਰੰਮ', 'ਰਾਹਾਂ ਦੇ ਸਿਖੰੜ' ਤੇ ਪਰਛਾਵਿਆਂ ਦੀ ਪਕੜ ਉਸਦੇ ਪੂਰੇ ਨਾਟਕ ਹਨ ਅਤੇ 'ਆਸਾਂ ਦੇ ਅੰਬਾਰ' ਤੇ 'ਜੀਵਨ ਫਲਕਾਂ' ਉਸ ਦੇ ਇਕਾਂਗੀ ਸੰਗ੍ਰਹਿ ਹਨ। ਅਮਰੀਕ ਸਿੰਘ ਦੇ ਨਾਟਕ ਸਫਲਤਾਪੂਰਵਕ ਸਟੇਜ ਉਪਰ ਖੇਡੇ ਜਾ ਸਕਦੇ ਹਨ!

'ਹਰਸਰਨ ਸਿੰਘ' ਗੰਭੀਰ ਵਿਸ਼ੇ ਵਸਤੂ ਅਪਨਾਉਣ ਵਾਲਾ ਵਰਣਨਯੋਗ ਨਾਟਕਕਾਰ ਹੈ। ਜਿਗਰਾ (1968), ਫੁੱਲ ਕੁਮਲਾ ਗਿਆ (1960) ਤੇ ਉਦਾਸ ਲੋਕ ਪ੍ਰਤਿਨਿੱਧ ਸਮਾਜਿਕ ਵਿਸ਼ਿਆਂ ਉਤੇ ਉਸਾਰੇ ਗਏ ਨਾਟਕ ਹਨ, ਜਿਨਾਂ ਨੂੰ ਨਾਟਕਕਾਰ ਨੇ ਢੁੱਕਵੇਂ ਨਾਟਕੀ ਮੌਕਿਆਂ ਤੇ ਮਨੋ-ਵਿਗਿਆਨਿਕ ਸੰਕਟਾਂ ਵਾਲੇ ਵਾਤਾਵਰਨ ਦੁਆਰਾ ਸਫਲਤਾ ਸਹਿਤ ਪੇਸ਼ ਕੀਤਾ ਹੈ! 'ਜਿਗਰਾ (1968) ਨਾਟਕ ਵਿਚ ਇਕ ਪਤੀ ਦੀ ਆਪਣੀ ਪਤਨੀ ਨੂੰ ਖਿਮਾ ਦੇਣ ਦੀ ਭਾਵਨਾ ਮੁੱਖ ਵਿਸ਼ਾ ਹੈ।

ਇਨ੍ਹਾਂ ਨਾਟਕਾਂ ਤੋਂ ਇਲਾਵਾ ਹੋਰ ਨਾਟਕ ਜਿਵੇਂ: ਫੁੱਲ ਕੁਮਲਾ ਗਿਆ (1960), ਮੌਤ ਤੋਂ ਮੌਤ ਤਕ (1976), ਅਪਰਾਧੀ (1962), ਲੰਮੇਂ ਸਮੇਂ ਦਾ ਨਰਕ (1975), ਮੇਰੇ ਅੱਠ ਇਕਾਂਗੀ (1966), ਨਿਜ਼ਾਮ ਸੱਕਾ (1977) ਆਦਿ ਉਲੇਖਯੋਗ ਹਨ। ਰੰਗਮੰਚ ਦੀ ਪੂਰਨ ਸੋਝੀ ਰੱਖਣ ਕਰਕੇ ਉਸ ਦੇ ਲਗਭਗ ਸਾਰੇ ਨਾਟਕ ਖੇਡੇ ਗਏ ਹਨ ਅਤੇ ਸਲਾਹੇ ਵੀ ਗਏ ਹਨ।

ਜੇ ਇਸ ਪ੍ਰਕਾਰ ਉਪਰੋਕਤ ਦ੍ਰਿਸ਼ ਦਾ ਅਵਲੋਕਨ ਕਰਦਿਆਂ ਇਹ ਗੱਲ ਸਹਿਜੇ ਹੀ ਕਹੀ ਜਾ ਸਕਦੀ ਹੈ ਕਿ ਪੰਜਾਬੀ ਨਾਟਕ ਦੇ ਇਤਿਹਾਸ ਵਿਚਲਾ ਇਹ ਦੌਰ ਪੰਜਾਬੀ ਨਾਟਕ ਦੇ ਵਿਕਾਸ ਦੀਆਂ ਨਵੀਆਂ ਦਿਸ਼ਾਵਾਂ ਦਾ ਦੌਰ ਹੈ ਅਤੇ ਇਹ ਦਿਸ਼ਾਵਾ ਅਗਲੇ ਦੋਹਾਂ ਦੌਰਾਂ ਵਿਚ ਹੋਰ ਨਵੇਂ ਦਿਸਹੱਦਿਆਂ ਨੂੰ ਛੂੰਹਦੀਆਂ ਹਨ ਅਤੇ ਪੰਜਾਬੀ ਨਾਟਕ ਦੀ ਵਿਕਾਸ ਯਾਤਰਾ ਇਤਿਹਾਸ ਸਿਰਜਣ ਦੇ ਸਮਰੱਥ ਹੋਈ ਜਾਪਦੀ ਹੈ।

4. <u>ਚੌਥਾ ਦੌਰ (1975-1990 ਤੱਕ):</u> ਪੰਜਾਬੀ ਨਾਟਕ ਦੇ ਇਤਿਹਾਸ ਵਿਚ ਇਸ ਦੌਰ ਦਾ ਵਿਸ਼ੇਸ਼ ਮਹੱਤਵ ਹੈ। ਜਿਵੇਂ ਕਿ ਪਹਿਲਾਂ ਸਪਸ਼ਟ ਕੀਤਾ ਹੈ ਕਿ ਆਜ਼ਾਦੀ ਤੋਂ ਫੌਰਨ ਬਾਅਦ ਦੀ ਸਥਿਤੀ ਆਜ਼ਾਦੀ ਤੇ ਵੰਡ ਦੇ ਦੁਵੱਲੇ ਪ੍ਰਭਾਵਾਂ ਵਾਲੀ ਸੀ ਜਿਸ ਵਿਚ ਸਮੇਂ ਸਮੇਂ ਅੰਤਰਰਾਸ਼ਟਰੀ, ਰਾਸ਼ਟਰੀ ਤੇ ਪ੍ਰਾਂਤਕ ਸਥਿਤੀਆਂ ਸ਼ਾਮਿਲ ਹੁੰਦੀਆਂ ਗਈਆਂ ਅਤੇ ਪੰਜਾਬੀ ਨਾਟ ਦ੍ਰਿਸ਼ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਦੇ ਨਾਲ ਸਾਹਿਤ ਚਿੰਤਨ ਧਾਰਾਵਾਂ ਅਤੇ ਬਦਲਦੇ ਰੰਗਮੰਚੀ ਹਾਲਾਤ ਨਾਟਕ ਦੀ ਵਿਕਾਸ ਯਾਤਰਾ ਵਿਚ ਪ੍ਰਕਾਰਜੀ ਭੂਮਿਕਾ ਨਿਭਾਉਂਦੇ ਹਨ।

ਇਸੇ ਸਮੇਂ ਪ੍ਰਤੀਕਾਂ, ਰੂਪਕਾਂ ਤੇ ਮਿਥਕਾਂ ਦੀ ਵਰਤੋਂ ਰਾਹੀਂ ਸੰਚਾਰ ਦੇ ਨਵੇਂ ਪ੍ਰਤੀਮਾਨ ਸਥਾਪਿਤ ਹੋਏ ਤੇ ਨਾਟਕ ਦੀ ਵਿਧਾ ਦੀਆਂ ਆਪਣੀਆਂ ਵਿਧਾਗਤ ਲੋੜਾਂ ਕਾਰਨ ਇਸ ਦ੍ਰਿਸ਼ਟੀ ਤੋਂ ਵੀ ਨਵੀਆਂ ਤਬਦੀਲੀਆਂ ਆਈਆਂ। ਸਿਨੇਮਾ ਵਰਗੀ ਕਲਾ ਵੀ ਇਸ ਤੋਂ ਅਛੂਤੀ ਨਹੀਂ ਰਹੀ।

<u>ਡਾ. ਸਤੀਸ਼ ਕੁਮਾਰ ਵਰਮਾ ਅਨੁਸਾਰ,</u>

"ਅਸਲ ਵਿਚ ਇਹ ਦੌਰ ਮੁਖ ਰੂਪ ਵਿਚ ਰਾਜਸੀ ਚੇਤਨਾ ਦਾ ਦੌਰ ਸੀ ਅਤੇ ਸਮੁੱਚੇ ਸਾਹਿਤ ਵਿਚ ਤੇ ਵਿਸ਼ੇਸ਼ ਕਰ ਨਾਟਕ ਵਿਚ

ਰਾਜਸੀ ਚੇਤਨਾ ਦਾ ਫੈਲਾਉ ਦਾ ਦੌਰ ਸੀ।
ਸਮੁੱਚੇ ਭਾਰਤੀ ਦ੍ਰਿਸ਼ ਦੇ ਸਮਾਨਾਂਤਰ
ਰਾਜਸੀ ਚੇਤਨਾ ਦੀ ਗੂੰਜ ਸੁਣਾਈ ਦਿੰਦੀ ਸੀ"
(ਪੰਜਾਬੀ ਨਾਟਕ ਦਾ ਇਤਿਹਾਸ, ਪੰਨਾ ਨੰ. 105)

ਇਸ ਦੌਰ ਦੇ ਪਹਿਲੇ ਵਰ੍ਹੇ (1975) ਵਿਚਲਾ 'ਗੁਰਸ਼ਰਨ ਸਿੰਘ' ਦਾ ਨਾਟਕ 'ਟੀਸੇਂ ਸਮੇਂ ਦਾ ਨਰਕ' ਜਿਹੀ ਤਰਾਂ ਬਰੈਖ਼ਤ ਦੇ ਐਪਿਕ ਥੀਏਟਰ ਦੀ ਵਿਧੀ ਰਾਹੀ ਰਾਜਸੀ ਭ੍ਰਿਸ਼ਟਾਚਾਰ ਤੇ ਭਾਰਤੀ ਲੋਕਰਾਜੀ ਸਿਸਟਮ ਦੀਆਂ ਕਮਜ਼ੋਰੀਆਂ ਤੇ ਸਟੀਕ ਟਿੱਪਣੀ ਕਰਦਾ ਹੈ।

ਇਸ ਸਮੇਂ ਹੀ ਭਾਰਤ ਭਰ ਵਿਚ ਨੁੱਕੜ ਨਾਟਕ ਦੀ ਲਹਿਰ ਦਾ ਆਰੰਭ ਹੋਇਆ ਜਿਸ ਦੇ ਮੋਢੀਆਂ ਵਿਚ ਪੰਜਾਬੀ ਨਾਟਕਕਾਰ 'ਗੁਰਸ਼ਰਨ ਸਿੰਘ' ਨੂੰ ਵੀ ਸਵੀਕਾਰਿਆ ਗਿਆ।

ਨਾਟਕੀ ਦ੍ਰਿਸ਼ਟੀ ਤੋਂ ਭਾਵੇਂ ਇਸ ਦੌਰ (1975-90) ਵਿਚ ਸੰਤ ਸਿੰਘ ਸੇਖੋਂ, ਹਰਚਰਨ ਸਿੰਘ, ਬਲਵੰਤ ਗਾਰਗੀ, ਗੁਰਦਿਆਲ ਸਿੰਘ ਖੋਸਲਾ, ਗੁਰਦਿਆਲ ਸਿੰਘ ਫੁੱਲ ਆਦਿ ਪਹਿਲੀ ਪੀੜ੍ਹੀ ਦੇ ਚਰਚਿਤ ਨਾਟਕਕਾਰ ਲਗਾਤਾਰ ਹੀ ਆਪਣੇ ਨਾਟ ਕਰਮ ਵਿਚ ਮਸਰੂਫ਼ ਰਹੇ ਪਰੰਤੂ ਵਾਸਤਵ ਵਿਚ ਇਹ ਦੌਰ ਦੂਜੀ ਪੀੜ੍ਹੀ ਦੇ ਸਿਖਰ ਉੱਤੇ ਪਹੁੰਚਣ ਅਤੇ ਤੀਜੀ ਪੀੜ੍ਹੀ ਦੁਆਰਾ ਆਰੰਭ ਕਰਕੇ ਆਪਣੇ ਪੂਰਨ ਜਲੌਅ ਨੂੰ ਪ੍ਰਾਪਤ ਕਰਨ ਦਾ ਦੌਰ ਸੀ। ਇਸ ਦੌਰ ਵਿਚ ਕਪੂਰ ਸਿੰਘ ਘੁੰਮਣ, ਗੁਰਸ਼ਰਨ ਸਿੰਘ, ਗੁਰਚਰਨ ਸਿੰਘ ਜਸੂਜਾ, ਸੁਰਜੀਤ ਸਿੰਘ ਸੇਠੀ ਆਦਿ ਵੀ ਹੱਥ-ਕ ਪ੍ਰਯੋਗ ਕਰਦੇ ਰਹੇ ਜਿਸਦੇ ਸਿੱਟੇ ਵਜੋਂ ਬਾਗਾਂ ਦੇ ਕੁਮਹਾਰ, ਅਤੀਤ ਦੇ ਪਰਛਾਵੇਂ, ਟੀਸੇਂ ਸਮੇਂ ਦਾ ਨਰਕ, ਇਕ ਹੀਰੋ ਦੀ ਤਲਾਸ਼, ਦੇਵਤਿਆਂ ਦਾ ਥੀਏਟਰ ਆਦਿ ਨਾਟਕ ਹੋਂਦ ਵਿਚ ਆਏ।

ਸੁਰਜੀਤ ਸਿੰਘ ਸੇਠੀ, ਕਪੂਰ ਸਿੰਘ ਘੁੰਮਣ ਇਸ ਦੌਰ ਦੇ ਅਜਿਹੇ ਨਾਟਕਕਾਰ ਹਨ ਜੋ ਆਪਣੇ ਨਾਟਕੀ ਪ੍ਰਯੋਗਾਂ ਕਰਕੇ ਵਧੇਰੇ ਚਰਚਾ ਵਿਚ ਰਹੇ। ਬਲਵੰਤ ਗਾਰਗੀ ਦੇ ਪ੍ਰਯੋਗਾਂ ਦਾ ਸਿਖਰ ਵੀ ਇਸੇ ਦੌਰ ਹੈ। ਇਸੇ ਸਮੇਂ ਜਹਰ ਸੀਲਿਆ ਰਾਹੀ ਆਤਮਜੀਤ ਤੇ ਔਲਖ, ਆਪਣੇ ਪੇਂਡੂ ਥੀਏਟਰ ਦੇ ਉਭਾਰ ਰਾਹੀਂ ਗੁਰਸ਼ਰਨ ਸਿੰਘ ਦਿਲੀ ਵਿਚਲੇ ਸਪਰੂ ਥੀਏਟਰ ਦੇ ਵਿਰੋਧ ਵਿਚ ਚਰਨਦਾਸ ਸਿੱਧੂ ਰਾਹੀ ਪੰਜਾਬੀ ਨਾਟਕ ਦੀ ਤੀਜੀ

ਪੀੜ੍ਹੀ ਦਾ ਉਭਾਰ ਹੋਇਆ ਜਿਸ ਵਿਚ ਦਵਿੰਦਰ ਦਮਨ, ਦਵਿੰਦਰ ਸਿੰਘ, ਦਰਸ਼ਨ ਮਿਤਵਾ, ਨਵਨਿੰਦਰਾ ਬਹਿਲ, ਅਮਰਜੀਤ ਗਰੇਵਾਲ, ਰਵਿੰਦਰ ਰਵੀ, ਅਜਾਇਬ ਕਮਲ ਆਦਿ ਨੇ ਆਪਣਾ ਯੋਗਦਾਨ ਪਾਇਆ। ਇਸ ਕਰਕੇ ਇਹ ਦੌਰ ਕਈ ਪੱਖਾਂ ਤੋਂ ਮਹੱਤਵਪੂਰਨ ਹੈ।

ਪਹਿਲਾ ਪੱਖ ਨਾਟਕਕਾਰੀ ਦਾ ਹੈ ਜਿਸ ਅਧੀਨ ਪਹਿਲੀ, ਦੂਜੀ ਤੇ ਤੀਜੀ ਪੀੜ੍ਹੀ ਕ੍ਰਮਵਾਰ ਇਕੋ ਸਮੇਂ ਰਚਨਾਸ਼ੀਲ ਹੁੰਦੀਆਂ ਹਨ। ਨਾਟਕਕਾਰੀ ਦੀ ਨਿਰੰਤਰਤਾ ਦੇ ਪ੍ਰਸੰਗ ਵਿਚ ਪਹਿਲੀ ਪੀੜ੍ਹੀ ਵਿਚੋਂ 'ਹਰਸਰਨ ਸਿੰਘ' ਦਾ ਇਹ ਦੌਰ ਉਸਦੀ ਨੌਕਰੀ ਦੀ ਸੇਵਾ ਮੁਕਤੀ ਤੋਂ ਬਾਅਦ ਦਾ ਦੌਰ ਹੈ, ਜਿਹੜਾ ਬਾਅਦ ਵਿਚ ਉਸਨੇ ਖੁਲ੍ਹ ਕੇ ਵਿਚਾਰ ਪ੍ਰਗਟਾਉਂਦਿਆਂ ਰਾਜਨੀਤਿਕ ਅਤੇ ਇਤਿਹਾਸਿਕ ਵਿਸ਼ਿਆਂ ਤੇ ਨਾਟਕ ਲਿਖੇ। ਜਿਨਾਂ ਵਿਚੋਂ 'ਦੋਹ ਕਬੀਰ ਰੋਜ਼ਾ', ਕਾਮਾ ਗਾਟਾ ਮਾਰੂ, ਮਸੀਹਾ ਸੂਲੀ ਤੇ ਮੁਸਕ੍ਰਾਇਆ, ਪੰਜਾਬ ਸੰਕਟ ਬਾਰੇ, ਦਿੱਲੀ ਦੰਗਿਆਂ ਬਾਰੇ ਨੰਗਾ ਜ਼ਖਮ ਆਦਿ ਮਹੱਤਵਪੂਰਨ ਹਨ।

'ਬਲਵੰਤ ਗਾਰਗੀ' ਦੀ ਨਾਟਕਕਾਰੀ ਇਸ ਦੌਰ ਵਿਚ ਅੰਤਿਮ ਪੜਾਅ ਤੇ ਪੁੱਜਦੀ ਹੈ ਤੇ ਉਹ ਸੌਕਣ, ਮਿਰਜ਼ਾ ਸਾਹਿਬਾਂ ਆਦਿ ਨਾਟਕਾਂ ਨਾਲ ਨਵੇਂ ਪ੍ਰਯੋਗ ਕਰਦਾ ਹੈ। ਇਸਦੇ ਨਾਲ 'ਲੋਹਾ ਕੁੱਟ' ਨਾਟਕ ਦੀ ਅੰਤਿਮ ਸੁਧਾਈ ਇਸ ਦੌਰ ਵਿਚ (1985) ਕਰਦਾ ਹੈ।

'ਗੁਰਦਿਆਲ ਸਿੰਘ ਖੋਸਲਾ' ਦੀ ਨਾਟਕਕਾਰੀ ਇਸ ਦੌਰ ਵਿਚ ਸਿਖਰ ਗ੍ਰਹਿਣ ਕਰਦੀ ਹੈ ਤੇ ਉਹ ਪਰਲੋ ਤੋਂ ਪਹਿਲਾ, ਬਾਣੀ ਘਰ, ਉਮੀਦ-ਵਾਰ, ਪੁਲਸ ਚੌਂਕੀ ਤੇ ਹੋਰ ਇਕਾਂਗੀ ਨਾਟਕਾਂ ਨਾਟ ਸੰਗ੍ਰਹਿਆਂ ਦੀ ਰਚਨਾ ਕਰਦਾ ਹੈ।

'ਸੰਤ ਸਿੰਘ ਸੇਖੋਂ' ਇਸ ਦੌਰ ਵਿਚ ਆਪਣੇ ਚਿਰ ਪਰਿਚਿਤ ਇਤਿਹਾਸਿਕ ਵਿਸ਼ਿਆਂ ਵੱਲ ਪਰਤਦਾ ਹੈ ਤੇ 'ਬੰਦਾ ਬਹਾਦਰ' ਤੇ ਬੇੜਾ ਬੰਧ ਨ ਸਕਿਓ ਦੀ ਰਚਨਾ ਕਰਦਾ ਹੈ। ਸਿੱਖੀ ਇਤਿਹਾਸ ਉਸਦਾ ਮਨਭਾਉਂਦਾ ਵਿਸ਼ਾ ਹੈ।

'ਗੁਰਦਿਆਲ ਸਿੰਘ ਫੁੱਲ' ਇਸ ਦੌਰ ਵਿਚ 'ਆਪਣਾ ਮੂਲ ਪਛਾਣ, ਸੁਨਹਿਰੀ ਛਿੱਟਾ ਚਾਨਣ, ਸੂਰ ਗਏ ਕੁਮਲਾਏ, ਦੋ ਅਸ਼ਕੇ ਸੁੱਕਾ ਨਹੀਂ, ਫਰੀਦ ਰਾਤੀਂ ਵੱਡੀਆਂ, ਬੰਦਾ ਬਹਾਦਰ, ਮਹਾਂਬਲੀ ਜੋਧਾ ਆਦਿ ਨਾਟਕ ਰਚਦਾ ਹੈ ਤੇ ਸਮਾਜਿਕ ਵਿਸ਼ਿਆਂ ਦੇ ਨਾਲ ਨਾਲ ਰੰਗਮੰਚ ਪ੍ਰਯੋਗਾਂ ਵਿਚ ਰੁਚਿਤ ਰਹਿੰਦਾ ਹੈ।

'ਕਪੂਰ ਸਿੰਘ ਘੁੰਮਣ' ਇਸ ਦੌਰ ਵਿਚ ਨਾ ਕੇਵਲ ਅਕਾਦਮਿਕ ਭ੍ਰਿਸ਼ਟਾਚਾਰ ਦੀ ਨਕਾਬ ਨੁਮਾਈ ਕਰਦਿਆਂ 'ਪਾਗਲ ਲੋਕ' ਨਾਟਕ ਰਚ ਕੇ ਭਾਰਤੀ ਸਾਹਿਤ ਅਕਾਦਮੀ ਇਨਾਮ ਪ੍ਰਾਪਤ ਕਰਦਾ ਹੈ, ਸਗੋਂ ਆਪਣੇ ਇਕ ਪਰਿਚਿਤ ਵਿਚੋਂ ਮਾਨਸਿਕ ਵਿਸ਼ਲੇਸ਼ਣ ਅਤੇ 'ਜੀਵਨ ਦੇ ਸੱਚ' ਤੇ 'ਕਲਾ ਦਾ ਸੱਚ' ਦੇ ਦਵੰਦ ਦੀ ਪੇਸ਼ਕਾਰੀ ਕਰਦਿਆਂ ਬੁਝਾਰਤ, ਸੂਰ ਸੰਸਾਰ, ਪਾਣੀ ਉਤੇ ਤੁਰਨਾ (ਅਪ੍ਰਕਾਸ਼ਿਤ) ਨਾਟਕ ਰਚਦਾ ਹੈ।

'ਹਰਸਰਨ ਸਿੰਘ' ਨੇ ਇਸ ਦੌਰ ਵਿਚ 'ਇਕਾਈ ਦੁਹਾਈ ਮੈਂ ਕੰਜਰਾ', ਨਿਸ਼ਾਮ ਸੌਰਾ, ਰਾਜਾ ਰਸਾਲੂ, ਰਾਜਾ, ਹੀਰ ਰਾਂਝਾ ਆਦਿ ਦੀ ਰਚਨਾ ਕੀਤੀ ਹੈ। ਉਹ ਨਾ ਕੇਵਲ ਨਾਟ-ਵਸਤੂ ਬਲਕਿ ਨਾਟ ਸ਼ਿਲਪ ਦੀ ਦ੍ਰਿਸ਼ਟੀ ਤੋਂ ਵੀ ਨਿਰੰਤਰ ਕਾਰਜਸ਼ੀਲ ਰਿਹਾ ਹੈ।

'ਗੁਰਚਰਨ ਸਿੰਘ ਜਸੂਜਾ' ਖਾਮੋਸ਼ ਤਬੀਅਤ ਵਾਲਾ ਨਾਟਕਕਾਰ ਹੈ। ਉਸ ਦੇ ਨਾਟਕਾਂ ਦਾ ਵਿਸ਼ਾ ਸ਼ਹਿਰੀ ਮੱਧ-ਸ਼੍ਰੇਣੀ ਅਤੇ ਧਰਮ ਸੀ। ਉਸਦੇ ਇਸ ਦੌਰ ਵਿਚਲੇ ਨਾਟਕ 'ਰਚਨਾ ਰਾਮ ਬਣਾਈ', ਇਕ ਹੀਰੋ ਦੀ ਤਲਾਸ਼, ਉਸਦਾ ਲੰਮੀ ਦੌੜ, ਪਾਰਸ ਦੀ ਛੋਹ ਆਦਿ ਹਨ।

ਇਸੇ ਪ੍ਰਕਾਰ ਇਸ ਤੋਂ ਪਹਿਲੇ ਦੌਰ (1947-75) ਵਿਚ ਨਵੇਂ ਪ੍ਰਯੋਗਾਂ ਦਾ ਪੰਜਾਬੀ ਨਾਟਕ ਵਿਚ ਸਮਾਵੇਸ਼ ਕਰਨ ਵਾਲੀ ਦੂਜੀ ਪੀੜ੍ਹੀ ਦੇ ਜੋ ਪ੍ਰਮੁੱਖ ਨਾਟਕਕਾਰ 'ਸੁਰਜੀਤ ਸਿੰਘ ਸੇਠੀ' ਦੇ ਜੀਵਨ ਅਨੁਭਵ ਤੇ ਕਰਨਾ ਦੀ ਤਿਕੜੀ ਦਾ ਵਿਸ਼ੇਸ਼ ਮਹੱਤਵ ਹੈ। ਥੀਏਟਰ, ਫ਼ਿਲਮ, ਰੇਡੀਓ, ਅਧਿਆਪਨ ਆਦਿ ਖੇਤਰਾਂ ਦਾ ਲੰਮਾ ਅਨੁਭਵ ਉਸਦੇ ਨਾਟਕਾਂ ਦੇ ਪਿਛੋਕੜ ਵਿਚ ਹੈ।

⇒ ਇਸ ਦੌਰ ਵਿਚ (1975-90) ਤੀਜੀ ਪੀੜ੍ਹੀ ਦਾ ਸਸ਼ਕਤ ਹਸਤਾਖਰ 'ਚਰਨਦਾਸ ਸਿੱਧੂ' ਸਾਹਮਣੇ ਆਇਆ। ਜਿਸਨੇ ਅਧਿਕਤਰ ਰੂਪ ਵਿਚ ਦੁਆਬੇ ਦੇ ਪੇਂਡੂ ਜੀਵਨ ਤੇ ਆਂਸ਼ਿਕ ਰੂਪ ਵਿਚ ਮਹਾਂਨਗਰ ਦੇ ਦੋਗਲੇ ਜੀਵਨ ਨੂੰ ਆਪਣੇ ਨਾਟਕਾਂ ਦਾ ਵਸਤੂ ਬਣਾਇਆ ਅਤੇ ਯਥਾਰਥਵਾਦੀ ਨਾਟ-ਸ਼ੈਲੀ ਵਿਚ ਵੱਡੇ ਆਕਾਰ ਦੇ ਪੂਰੇ ਨਾਟਕ ਹੀ ਰਚੇ। ਇਸ ਦੌਰ ਵਿਚਲੇ ਉਸਦੇ ਨਾਟਕ ਅੰਬੀਆਂ ਨੂੰ ਤਰਸੇਂਗੀ, ਇੰਦੋਸਤੀ ਸਤਿਦੇਵ, ਕਲ੍ਹ ਵੀ ਕਾਲਜ ਬੰਦ ਰਹੇਗਾ, ਪੰਜ ਖੂਹਾਂ ਵਾਲਾ, ਭਾਈ ਹਾਕਮ ਸਿੰਘ, ਬਾਬਾ ਬੰਤੂ ਆਦਿ ਹਨ।

ਇਸੇ ਪੀੜ੍ਹੀ ਦਾ ਅਗਲਾ ਸਫ਼ਲ ਤੇ ਹਰਮਨ ਪਿਆਰਾ ਨਾਟਕਕਾਰ 'ਅਜਮੇਰ ਸਿੰਘ ਔਲਖ' ਹੈ, ਜਿਸ ਨੇ ਆਪਣੇ ਨਾਟਕੀ ਵਿਸ਼ਿਆਂ ਦੀ ਚੋਣ ਕਿਰਸਾਨੀ ਸਮਾਜਿਕ ਤੇ ਆਰਥਿਕ ਪਿਛੋਕੜ ਵਿਚੋਂ ਕੀਤੀ ਹੈ ਤੇ ਬੜੀ ਸੂਝ-ਬੂਝ ਤੇ ਨਾਟਕੀ ਜੁਗਤਾਂ ਨਾਲ ਆਪਣੇ ਨਾਟਕਾਂ ਦੇ ਪਾਤਰਾਂ ਨੂੰ ਰੰਗਭੂਮੀ ਉੱਤੇ ਲਿਆਂਦਾ ਤੇ ਪੇਸ਼ ਕੀਤਾ ਹੈ। ਉਸਦੇ ਨਾਟਕ ਵਿਸ਼ੇ, ਘਟਨਾਵਾਂ ਤੇ ਪਾਤਰ ਦਰਸ਼ਕਾਂ ਦੇ ਮਨ ਉੱਤੇ ਅਤੁੱਲ ਪ੍ਰਭਾਵ ਛੱਡ ਜਾਂਦੇ ਹਨ। ਉਸਦੇ ਪ੍ਰਸਿੱਧ ਨਾਟਕ 'ਅਰਬਦ ਨਰਬਦ ਧੁੰਦੂਕਾਰਾ', ਇਕ ਰਮਾਇਣ ਹੋਰ, ਬੇਗਾਨੇ ਬੋਹੜ ਦੀ ਛਾਂ, ਭੱਠ ਖੇੜਿਆਂ ਦਾ ਰਹਿਣਾ, ਸੁੱਕੀ ਕੁੱਖ ਆਦਿ ਹਨ।

ਡਾ. ਆਤਮਜੀਤ ਨੇ ਨਾਟਕ ਤੇ ਰੰਗਮੰਚ ਵਿਚ ਬਿਲਕੁਲ ਨਵੇਂ ਪ੍ਰਯੋਗ ਕੀਤੇ ਤੇ ਪ੍ਰਤੀਕਾਤਮਕ ਸ਼ੈਲੀ ਰਾਹੀਂ ਬੜੇ ਸੂਖਮ ਢੰਗ ਨਾਲ ਸਮਕਾਲੀ ਜੀਵਨ ਦੀਆਂ ਮਨੋ-ਵਿਗਿਆਨਿਕ ਢੰਗ ਦੀਆਂ ਗੁੰਝਲਦਾਰ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ। ਉਸਦੇ ਨਾਟਕਾਂ ਨੂੰ ਐਬਸਰਡ ਥੀਏਟਰ ਦੇ ਘੇਰੇ ਵਿਚ ਵੀ ਰੱਖਿਆ ਜਾ ਸਕਦਾ ਹੈ। ਉਸਦੇ ਨਾਟਕ ਚਾਬੀਆਂ, ਪਾਣੀ ਦੀ ਉਡੀਕ ਵਿਚ, ਮੁਰਗੀ-ਖਾਨਾ, ਵੀਹ ਤੀਹ ਸਾਲਾਂ, ਹਵਾ ਮਹਲ, ਲੋਕ ਨਾਚ ਅਕਸਰਮਹਿ, ਕੈਮਲੂਪਸ ਦੀਆਂ ਮੱਛੀਆਂ, ਫ਼ਰਸ਼ ਵਿਚ ਉਗਿਆ ਦਰੱਖ਼ਤ ਆਦਿ ਹਨ। ਉਸਦਾ ਇਕ ਹੋਰ ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਸਆਦਤ ਹਸਨ ਮੰਟੋ ਦੀ ਕਹਾਣੀ 'ਟੋਬਾ ਟੇਕ ਸਿੰਘ' ਦਾ ਬਹੁਤ ਹੀ ਸਫ਼ਲ ਨਾਟਕੀ ਰੂਪਾਂਤਰ ਹੈ!

'ਗੁਰਸ਼ਰਨ ਸਿੰਘ' ਦਾ ਨਾਮ ਅੱਜ ਜਨਮਾਨਸ ਵਿਚ ਛਾਇਆ ਪਛਾਇਆ ਹੈ! ਉਹ ਵਾਹਦ ਅਜਿਹਾ ਨਾਟਕਕਾਰ ਤੇ ਰੰਗਕਰਮੀ ਹੈ ਜਿਸ ਨੇ ਗਿਣਤੀ ਦੇ ਪੱਖੋਂ ਸਭ ਤੋਂ ਵੱਧ ਪੇਸ਼ਕਾਰੀਆਂ ਦਿੱਤੀਆਂ! ਪ੍ਰਗਤੀਸ਼ੀਲ ਲੋਕ ਲਹਿਰ ਨਾਲ ਜੁੜਿਆ ਹੋਣ ਕਾਰਨ ਉਸਦੇ ਬਹੁਤੇ ਨਾਟਕ ਭਾਵੇਂ ਪ੍ਰਚਾਰਵਾਦੀ ਦ੍ਰਿਸ਼ਟੀਕੋਣ ਤੋਂ ਰਚੇ ਗਏ, ਪਰ ਇਨ੍ਹਾਂ ਦਾ ਸਿੱਧਾ ਪ੍ਰਭਾਵ ਦਰਸ਼ਕਾਂ ਦੇ ਮਨਾਂ ਉੱਤੇ ਪੈਂਦਾ ਹੈ। ਉਹ ਵਰਤਮਾਨ ਸਮਾਜ ਦੀਆਂ ਕੋਝੀਆਂ ਚਾਲਾਂ ਨੂੰ ਨੰਗਾ ਕਰਦਾ ਹੈ ਅਤੇ ਲੋਕ-ਲਹਿਰਾਂ ਨੂੰ ਕੇਵੀ ਵਿਰੁੱਧ ਸੰਘਰਸ਼ ਕਰਨ ਲਈ ਪ੍ਰੇਰਦਾ ਹੈ! 'ਭਾਈ ਮਨੀ ਸਿੰਘ' ਉਸਦਾ ਦੂਰਦਰਸ਼ਨ ਉੱਤੇ ਪੇਸ਼ ਕੀਤਾ ਗਿਆ ਹਰਮਨ ਪਿਆਰਾ ਨਾਟਕ ਹੈ!

ਇਨ੍ਹਾਂ ਚਾਰਾਂ ਪ੍ਰਮੁੱਖ ਨਾਟਕਕਾਰਾਂ ਦੇ ਨਾਲ-ਨਾਲ ਇਸ ਦੌਰ ਵਿਚ ਅਜਮੀਤ ਗਰੇਵਾਲ (ਦੋ ਪਰੀਆਂ ਦਾ ਨਾਟਕ, ਬੂਹੇ ਦੌੜ), ਦਵਿੰਦਰ ਸਿੰਘ (ਲਾਲ ਪੀਲੇ ਲੋਕ), ਦਰਸ਼ਨ ਮਿਤਵਾ (ਇਧਰ ਉਧਰ ਕਿਸੇ ਤਕ) ਆਦਿ ਨਾਟਕਕਾਰ ਪੰਜਾਬੀ

ਨਾਟਕਕਾਰੀ ਦੀ ਮੁਖ ਧਾਰਾ ਵਿਚ ਸ਼ਾਮਿਲ ਹੋਇਆ ਗਿਣਤੀ ਪੱਖੋਂ ਭਾਵੇਂ ਘੱਟ ਪ੍ਰੰਤੂ ਗੁਣ ਪੱਖੋਂ ਮਹੱਤਵਪੂਰਨ ਨਾਟਕ ਰਚਦੇ ਹਨ।

ਸੁਤੰਤਰਤਾ ਕਾਲ ਦੇ ਇਸ ਦੌਰ ਵਿਚ ਪ੍ਰਵਾਸੀ ਲੇਖਕਾਂ ਦਾ ਵੀ ਵਰਨਣ ਮਿਲਦਾ ਹੈ, ਜਿਨ੍ਹਾਂ ਵਿਚੋਂ ਰਵਿੰਦਰ ਸਿੰਘ ਰਵੀ, ਅਜਾਇਬ ਕਮਾਲ ਦਾ ਨਾਂ ਖਾਸ ਤੌਰ ਤੇ ਵਰਨਣਯੋਗ ਹੈ। ਪਰ ਇਨ੍ਹਾਂ ਦੀਆਂ ਰਚਨਾਵਾਂ ਵਿਚ ਲਿੰਗ-ਸੰਬੰਧਾਂ ਦੀ ਨਿਰਸੰਕੋਚ ਪ੍ਰਦਰਸ਼ਨੀ ਅਤੇ ਹੋਰ ਲਾਈਆਂ ਗਈਆਂ ਖੁੱਲ੍ਹਾਂ ਕਾਰਨ ਸ਼ਾਇਦ ਭਾਰਤੀ ਜਨ ਮਾਨਸ ਨੂੰ ਇਹ ਪ੍ਰਵਾਨ ਨਹੀਂ ਹਨ। ਪਰ ਕੁਝ ਚੇਤਨ ਵਰਗ ਦੇ ਲੋਕਾਂ ਲਈ ਇਹ ਜ਼ਰੂਰ ਪੜ੍ਹਣਯੋਗ ਸਮੱਗਰੀ ਹੈਂ।

ਸੋ ਇਸ ਪਰਿਪੇਖ ਵਿਚੋਂ ਪੰਜਾਬੀ ਨਾਟਕ ਵਿਚਾਰ ਦੀ ਦ੍ਰਿਸ਼ਟੀ ਤੋਂ ਤਰਕ ਲੈਂਦਾ ਹੈ, ਪ੍ਰਕਾਰਜੀ ਦ੍ਰਿਸ਼ਟੀ ਤੋਂ ਨਵੇਂ ਰੂਪ ਘੜਦਾ ਅਤੇ ਸੰਚਾਰ ਦੀ ਦ੍ਰਿਸ਼ਟੀ ਤੋਂ ਨਵੇਂ ਵਿਸਤਾਰ ਉਲੀਕਦਾ ਹੈ। ਇਸੇ ਲਈ ਮੌਜੂਦਾ ਦੌਰ ਦਾ ਪੰਜਾਬੀ ਨਾਟਕ ੨੦ਵੀਂ ਸਦੀ ਦੀਆਂ ਸਥਿਤੀਆਂ ਦੇ ਸਿਖਰਲੇ ਪੜਾਵਾਂ ਦੇ ਸਮਾਂਤਰ ਇਤਿਹਾਸ ਸਿਰਜਦਾ ਹੈ। ਜਿਸ ਅਧੀਨ ਇਕ ਪਾਸੇ ਵਿਚਾਰ ਦੀ ਦ੍ਰਿਸ਼ਟੀ ਤੋਂ ਸਮਾਜਿਕ ਸਮੱਸਿਆ ਤੇ ਮਨੋਵਿਗਿਆਨਿਕ ਵਿਸ਼ਲੇਸ਼ਣ ਤੋਂ ਅੱਗੇ ਤੁਰ ਕੇ ਰਾਜਸੀ ਚੇਤਨਾ ਤੱਕ ਦੀ ਜਾਤਰਾ, ਦੂਜੇ ਪਾਸੇ ਇਕਾਂਗੀ ਤੇ ਪੂਰੇ ਨਾਟਕ ਦੀ ਲਕੀਰੀ ਵੰਡ ਤੋਂ ਅੱਗੇ ਤੁਰ ਕੇ ਰੇਡੀਓ ਨਾਟਕ, ਕਾਵਿ ਨਾਟਕ, ਲਘੂ ਨਾਟਕ, ਟੀ.ਵੀ. ਨਾਟਕ, ਨੁੱਕੜ ਨਾਟਕ, ਬਾਲ ਨਾਟਕ, ਇਕ ਪਾਤਰੀ ਨਾਟਕ ਤਕ ਦੇ ਰੂਪ ਵਿਸਥਾਰ ਤੇ ਤੀਜੇ ਪਾਸੇ ਪੱਛਮ ਦੇ ਪ੍ਰਭਾਵ ਅਧੀਨ ਯਥਾਰਥਵਾਦੀ ਨਾਟ ਸ਼ੈਲੀ ਤੋਂ ਤੁਰ ਕੇ ਐਪਿਕ ਥੀਏਟਰ, ਐਬਸਰਡ ਥੀਏਟਰ, ਪੈਗਾਮੀ ਥੀਏਟਰ ਆਦਿ ਦਾ ਸਮਾਵੇਸ਼ ਕਰਦਿਆਂ ਲੋਕ-ਨਾਟ ਸ਼ੈਲੀਆਂ ਦੇ ਪ੍ਰਯੋਗ ਰਾਹੀਂ ਸੰਚਾਰ ਦੇ ਨਵੇਂ ਪ੍ਰਤੀਮਾਨ ਸਿਰਜਣੇ ਇਸ ਦੌਰ ਦੇ ਨਾਟਕ ਦੀ ਅਜਿਹੀ ਪ੍ਰਾਪਤੀ ਹੈ ਜਿਹੜੀ ਇਸ ਦੌਰ ਨੂੰ ਪੰਜਾਬੀ ਨਾਟਕ ਦੇ ਇਤਿਹਾਸ ਵਿਚ ਮਹੱਤਵਪੂਰਨ ਦਰਜਾ ਦਿਵਾਉਂਦੀ ਹੈ। ਭਾਵੇਂ ਹੁਣ ਤਕ ਦੇ ਸਮੁੱਚੇ ਨਾਟਕ ਵਿਚ ਇਸ ਦੌਰ ਤੋਂ ਅਗਲਾ ਦੌਰ (1990 - ਹੁਣ ਤੱਕ) ਪੰਜਾਬੀ ਨਾਟਕ ਦੇ ਸਿਖ਼ਰ ਦਾ ਦੌਰ ਹੈ ਪ੍ਰੰਤੂ ਇਸ ਦੌਰ (1975-1990) ਨੂੰ ਕੇਵਲ ਕਾਲਕ੍ਰਮ ਦੀ ਦ੍ਰਿਸ਼ਟੀ ਤੋਂ ਨਹੀਂ ਸਗੋਂ ਨਾਟ ਪ੍ਰਾਪਤੀਆਂ ਦੀ ਦ੍ਰਿਸ਼ਟੀ ਤੋਂ ਪੂਰਵ ਸਿਖਰ ਕਹਿਣ ਜੋਗਾ ਬਣਦਾ ਹੈ।